# ਇਕਾਂਤ ਇਸ਼ਟੀ

ਰਮਨਦੀਪ ਕੌਰ "ਸੈਨਟ"



# ਇਕਾਂਤ ਇਕਈ

## ਕਮਲਦੀਪ ਕੌਰ "ਸੋਲਣ"



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਇਨਾਯਤ ਇਜ਼ਵੀ


## ਕਮਲਦੀਪ ਕੌਰ "ਸੋਨਟ"

### ਡਿਜੀਟਲ ਕਲਮਾਂ ਵਾਲੇ

E-mail : kdeepkaur193@gmail.com



PDF Editor : gurigurpreet498

Published on : 01 December 2024



©Kamaldeep Kaur Sonat



IG : harfan_di_mazlis

digitalkalmanwale@gmail.com



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਇਨਾਯਤ ਇਜ਼ਵੀ

ਬੀਤੇ ਸਮੇਂ ਦੀ ਗੱਲ ਹੈ ਇੱਕ ਕੁੜੀ ਜਿਸ ਦਾ ਨਾਂ ਸੀ ਇਨਾਯਤ, ਤਕਰੀਬਨ 21 ਕੁ ਵਰ੍ਹਿਆਂ ਦੀ ਬੱਚੀ ਸੀ ਜਿਸ ਦੀ ਪੜ੍ਹਾਈ ਚੱਲ ਰਹੀ ਸੀ,ਬਹੁਤ ਸ਼ੋਕ ਸੀ ਇਨਾਯਤ ਨੂੰ ਕਿਤਾਬਾਂ ਪੜ੍ਹਨ ਦਾ,ਆਪਣੇ ਕਾਲਜ 'ਚ ਹਰ ਸਮਾਗ਼ਮ 'ਚ ਭਾਗ ਲੈਂਦੀ ਸੀ।ਇਸ ਤੋਂ ਇਲਾਵਾਂ ਉਸ ਨੂੰ ਗਿੱਧਾ,ਭੰਗੜਾ,ਨਾਟਕ,ਕਵਿਤਾਵਾਂ ਲਿੱਖਣ 'ਤੇ ਬੋਲਣ ਦਾ ਬਹੁਤ ਸ਼ੋਕ ਸੀ,ਸਭ ਤੋਂ ਵੱਧ ਸ਼ੋਕ ਤਾਂ ਉਸਨੂੰ ਕਲਮ ਚਲਾਉਣ ਦਾ ਸੀ ਏਦਾਂ ਹੀ ਫ਼ਾਲਤੂ ਸਮੇਂ 'ਚ ਕੁੱਝ-ਨ-ਕੁੱਝ ਲਿਖਦੀ ਰਹਿੰਦੀ ਸੀ।

ਇੱਕ ਦਿਨ ਇਨਯਾਤ ਨਾਲ ਅਜਿਹਾ ਹਾਦਸਾ ਵਾਪਰਿਆ ਕਿ ਉਸ ਦਾ ਇੱਕ ਪਾਸਾ ਪੈਰਾਲਾਇਜ ਹੋ ਗਿਆ 'ਤੇ ਉਹ ਪਾਸਾ ਸੱਜਾ ਪਾਸਾ ਸੀ,ਜਿਸ ਹੱਥ ਨਾਲ ਉਹ ਲਿਖਦੀ ਸੀ। ਇਨਾਯਤ ਬਹੁਤ ਦੁੱਖੀ ਹੋਈ ਪੂਰੀ ਤਰ੍ਹਾਂ ਟੁੱਟ ਗਈ ਸੀ।ਉਸਦੇ ਪਰਿਵਾਰ ਨੇ ਉਸ ਨੂੰ ਡਾਕਟਰ ਨੂੰ ਦਿਖਾਇਆ । ਡਾਕਟਰ ਨੇ ਕਿਹਾ ਕਿ ਕਾਫ਼ੀ ਸਮਾਂ ਲੱਗ ਜਾਵੇਗਾ ਇਸ ਨੂੰ ਠੀਕ ਹੋਣ 'ਚ ਤਕਰੀਬਨ ਪੂਰੀ ਜ਼ਿੰਦਗੀ ਵੀ ਲੰਘ ਸਕਦੀ ਹੈ।

ਇਨਾਯਤ ਦਾ ਪਰਿਵਾਰ ਬਹੁਤ ਦੁੱਖੀ ਹੋਇਆ ਇਹ ਸੁਣ ਕੇ ਪਰ ਇਨਾਯਤ ਦੇ ਪਰਿਵਾਰ ਨੇ ਡਾਕਟਰ ਨੂੰ ਇਹ ਗੱਲ ਇਨਾਯਤ ਨੂੰ ਦੱਸਣ ਲਈ ਇਨਕਾਰ ਕੀਤਾ।ਡਾਕਟਰ ਨੇ ਵੀ ਇਨਾਯਤ ਨੂੰ ਕੁੱਝ ਵੀ ਨਹੀਂ ਦੱਸਿਆ ਇਸ ਬਾਰੇ ਪਰ ਇਨਾਯਤ ਹਰ ਰੋਜ਼ ਡਾਕਟਰ ਨੂੰ ਪੁੱਛਦੀ ਰਹਿੰਦੀ ਸੀ।

ਇਨਾਯਤ :- ਡਾਕਟਰ ਅੰਕਲ ,ਪਲੀਜ ਦਸੋ ਕਿੰਨਾ ਸਮਾਂ ਲੱਗੇਗਾ ਸਾਨੂੰ ਠੀਕ ਹੋਣ 'ਤੇ .।

ਡਾਕਟਰ :- ਪੁੱਤਰ ਜੀ ਤੁਸੀਂ ਫ਼ਿਕਰ ਨਾ ਕਰੋ, ਸਾਡੀ ਜਿੰਮੇਵਾਰੀ ਹੈ ਤੁਹਾਨੂੰ ਠੀਕ ਕਰਨਾ,ਸਾਡੀ ਕੋਸ਼ਿਸ਼ ਚਲ ਰਹੀ ਹੈ।

ਇਨਾਯਤ:- ਪਲੀਜ਼ ਡਾਕਟਰ ਅੰਕਲ ਕੁੰਝ ਤਾਂ ਦਸੋ।

ਡਾਕਟਰ:- ਨਰਸ! ਨਰਸ! ਨਰਸ!(ਨਰਸ ਨੂੰ ਉੱਚੀ ਆਵਾਜ਼ 'ਚ ਬੁਲਾਉਦਿਆਂ ਹੋਇਆ)

ਰਜ਼ੀਆ(ਨਰਸ):- ਜੀ ਸਰ

ਡਾਕਟਰ:- ਕਿੰਨੀ ਵਾਰ ਕਿਹਾ ਹੈ ਇਨਾਯਤ ਨੂੰ ਇੱਕਲੇ ਨਾ ਛੱਡਿਆ ਕਰੋ।

ਰਜ਼ੀਆ(ਨਰਸ):- ਨਹੀਂ ਸਰ,ਇਹਨਾਂ ਕੋਲ ਤੁਸੀਂ ਸੀ ਚੈਕਅੱਪ ਲਈ..(ਨਰਸ ਡਰ ਦੀ ਹਾਲਤ 'ਚ )

ਡਾਕਟਰ:- ਠੀਕ ਹੈ! ਹੁਣ ਇਨਾਯਤ ਦੀ ਮਾਲਿਸ ਦਾ ਸਮਾਂ ਹੋ ਚੁੱਕਾ ,ਕਰੋ ਮਾਲਿਸ਼, ਦੇਖ ਕੀ ਰਹੇ ਹੋ।

ਇਨਾਯਤ:-(ਮਾਯੂਸੀ ਦੀ ਹਾਲਤ 'ਚ ਬੈਠੀ ਹੈ ਤਕਰੀਬਨ ਉਸ ਨੂੰ ਇੱਕ ਮਹੀਨਾ ਹੋ ਚੁੱਕਿਆ ਸੀ ਡਾਕਟਰ ਨੂੰ ਇੱਕ ਹੀ ਸਵਾਲ ਪੁੱਛਦੀ ਨੂੰ ਕਿ ) ਡਾਕਟਰ ਅੰਕਲ ਕਿੰਨਾ ਸਮਾਂ ਲੱਗੇਗਾ ਮੈਨੂੰ ਠੀਕ ਹੋਣ 'ਚ । (ਪਰ ਡਾਕਟਰ ਹਰ ਵਾਰ ਗੱਲ ਘੁੰਮਾ ਦਿੰਦਾ ਸੀ।

ਅਗਲੇ ਦਿਨ ਫ਼ੇਰ ਡਾਕਟਰ ਇਨਾਯਤ ਦੇ ਚੈਂਕਅਪ ਲਈ ਆਉਦਾ ਹੈ।

ਇਨਾਯਤ:- ਸਤਿ ਸ਼੍ਰੀ ਅਕਾਲ ਡਾਕਟਰ ਅੰਕਲ ।

ਡਾਕਟਰ:- ਸਤਿ ਸ਼੍ਰੀ ਅਕਾਲ ਪੁੱਤਰ ਜੀ...ਹੋਰ ਕਿਵੇ ਹੈ ਇਨਾਯਤ ਪੁੱਤਰ ਜੀ।।(ਮੁਸਕੁਰਾਉਦੇ ਹੋਏ)

ਇਨਾਯਤ:-ਠੀਕ ਡਾਕਟਰ ਅੰਕਲ ,ਤੁਸੀਂ ਦਸੋ ਕਿਵੇ ਹੋ।

ਡਾਕਟਰ:-ਮੈਂ ਤਾਂ ਜਵਾ ਠੀਕ , ਅੱਜ ਮੈਨੂੰ ਲੱਗਦਾ ਇਨਾਯਤ ਪੁੱਤਰ ਬਹੁਤ ਦਰੁਸਤ ਹੈ।

ਇਨਾਯਤ:-ਹਾਂਜੀ ਡਾਕਟਰ ਅੰਕਲ,ਅਸੀਂ ਤਾਂ ਹਰ ਰੋਜ਼ ਹੀ ਦਰੁਸਤ ਹੁੰਦੇ ਹਾਂ,ਤੁਸੀਂ ਹੀ ਸਾਨੂੰ ਬਿਮਾਰ 'ਤੇ ਨਿਰਾਸ਼ ਕਰ ਦੇਂਦੇ ਹੋ।

ਡਾਕਟਰ:-ਉਹ ਕਿਵੇਂ ਪੁੱਤਰ ਜੀ।

ਇਨਾਯਤ:-ਚੱਲੋ ਛੱਡੋ ਅਸੀਂ ਨਹੀਂ ਦੱਸਣਾ ਡਾਕਟਰ ਅੰਕਲ (ਮੂੰਹ ਫੁੱਲਾਂ ਕੇ)

ਡਾਕਟਰ:-ਨਾ ਪੁੱਤਰ ਦੱਸ ।

ਇਨਾਯਤ:-ਨਹੀਂ ਦੱਸਣਾ।

ਡਾਕਟਰ:-ਕਿਓ ?

ਇਨਾਯਤ:-ਨਾ ਹੀ ਅਸੀਂ ਅੱਜ ਮਾਲਿਸ਼ ਕਰਵਾਉਣੀ ਹੈ ।

ਡਾਕਟਰ:-ਪਾਗ਼ਲ ਕੁੜੀ!

ਇਨਾਯਤ:-'ਤੇ ਨਾ ਹੀ ਕਿਸੇ ਤਰ੍ਹਾਂ ਦੀ ਦਵਾਈ ਖਾਣੀ ਹੈ।

ਡਾਕਟਰ:-ਕਿਉ ਨਹੀਂ ਖਾਣੀ ਦਵਾਈ ?

ਇਨਾਯਤ:-ਤੁਸੀਂ ਮੇਰੀ ਗੱਲ ਤਾਂ ਸੁਣਦੇ ਨਹੀਂ ਡਾਕਟਰ ਅੰਕਲ।

ਡਾਕਟਰ:-ਚਲ ਸੁਣਾ ਗੱਲ ਫ਼ੇਰ ।

ਇਨਾਯਤ:-ਮੇਰੀ ਗੱਲ ਸੁਣ ਕੇ ਮੇਰੇ ਸਵਾਲਾਂ ਦੇ ਜ਼ਵਾਬ ਵੀ ਦੇਣੇ ਪੈਣਗੇ । ਜ਼ੇਕਰ ਸਵਾਲਾਂ ਦੇ ਜ਼ਵਾਬ ਦੇਣ ਲਈ ਤਿਆਰ ਹੋ ਤਾਂ ਸੁਣਨਾ ਨਹੀਂ ਤਾਂ ਅਸੀਂ ਫ਼ੇਰ ਆਪਣੀ ਜੀਭ ਨਾਲ ਬੋਲ ਕੇ ਐਵੇਂ ਜੀਭ ਤਾਂ ਨਹੀਂ ਦੁਖਣ ਲਗੋਣੀ ।

ਡਾਕਟਰ:- ਅੱਛਾ!ਜੀਭ ਵੀ ਦੁੱਖਣ ਲੱਗ ਜਾਂਦੀ ਹੈ।(ਮੁਸਕੁਰਾਉਦੇ ਹੋਏ) ਚੱਲ ਪੁੱਤਰ ਦੱਸ ਹੁਣ ।

ਇਨਾਯਤ:-ਮੈਂ ਆਪਣੀ ਲਾਇਬ੍ਰੇਰੀ ਵਿੱਚ ਇੱਕ ਦਿਨ ਜਦੋਂ ਆਪਣੇ ਨੋਟਿਸ ਬਨਾਉਣ ਲਈ ਬੁੱਕ ਲੈਣ ਗਈ ਸੀ ਤਾਂ ਮੈਂ ਉੱਥੇ ਲੱਗੇ ਰਸਾਲੇ ਵਿੱਚ ਪੜ੍ਹਿਆ ਸੀ।

ਡਾਕਟਰ:-ਅੱਛਾ! ਕੀ ਪੜ੍ਹਿਆ ਸੀ ਸਾਡੀ ਨਨ੍ਹੀ ਪਰੀ ਨੇ ਫ਼ੇਰ ?

ਇਨਾਯਤ:-ਇੱਕ ਲੇਖ ।

ਡਾਕਟਰ:- ਚਲ ਇਨਾਯਤ ਲੇਖ ਤਾਂ ਤੂੰ ਬਾਅਦ 'ਚ ਸੁਣਾਵੀ ,ਪਹਿਲਾਂ ਇਹ ਦੱਸ ਤੇਰਾ ਨਾਮ ਕਿੰਨਾ ਕੁ ਸੋਹਣਾ ਲੱਗਦਾ ਏ ਤੈਨੂੰ ?

ਇਨਾਯਤ:- ਨਾਮ,ਨਾਮ ਮੇਰਾ ਮੈਨੂੰ ਬਹੁਤ ਸੋਹਣਾ ਲੱਗਦਾ ।

ਡਾਕਟਰ:- ਕਿਸ ਨੇ ਰਖਿਆ ਸੀ ਨਾਮ ਤੇਰਾ ?

ਇਨਾਯਤ:- ਮੇਰੇ ਸਾਰੇ ਪਰਿਵਾਰ ਨੇ ਮਿਲ ਕੇ ਰਖਿਆ ਸੀ ।

ਡਾਕਟਰ:- ਅੱਛਾ! ਕਯਾ ਬਾਤ ਹੈ ਜੀ ।

ਇਨਾਯਤ:-ਹਾਂਜੀ ।

ਡਾਕਟਰ:- ਹੁਣ ਇਹ ਦਸੋ ਪੁੱਤਰ ਜੀ ਤੁਹਾਡੇ ਨਾਮ ਦਾ ਅਰਥ ਕੀ ਹੈ ?

ਇਨਾਯਤ:- ਮੇਰੇ ਨਾਮ ਦਾ ਅਰਥ ਨਹੀਂ ਪਤਾ ਤੁਹਾਨੂੰ , ਡਾਕਟਰ ਅੰਕਲ !

ਡਾਕਟਰ:-ਨਹੀਂ ਪਤਾ (ਮੁਸਕੁਰਾਉਂਦੇ ਹੋਏ) ਦਸੋ ਵੀ ਹੁਣ ਪੁੱਤਰ ਜੀ ।

ਇਨਾਯਤ:- ਮੇਰੇ ਨਾਮ ਦਾ ਅਰਥ ਹੈ --ਮੇਹਰਬਾਨੀ , ਕ੍ਰਿਪਾ..।
ਇਹ ਹੈ ਡਾਕਟਰ ਅੰਕਲ ।

ਡਾਕਟਰ:- ਬਹੁਤ ਸੋਹਣਾ ਅਰਥ ਹੈ , ਪੁੱਤਰ ਜੀ ।

ਇਨਾਯਤ:- ਹਾਂਜੀ ।

ਡਾਕਟਰ:- ਚੱਲ ਪੁੱਤਰ ਜੀ ,ਹੁਣ ਤੁਸੀਂ ਮਾਲਿਸ਼ ਕਰਵਾਓ 'ਤੇ ਦਵਾਈ ਖਾਓ । ਬਾਏ!

ਇਨਾਯਤ:-ਡਾਕਟਰ ਅੰਕਲ ਸਾਡੀ ਬਕਾਇਦਾ ਗੱਲ ਤਾਂ ਵਿਚਾਲੇ ਹੀ

ਰਹਿ ਗਈ ਨਾਲ ਸਾਡੇ ਸਵਾਲਾਂ ਦੇ ਜ਼ਵਾਬ ਵੀ..!

ਡਾਕਟਰ:- ਕੱਲ ਨੂੰ ਪੁੱਤਰ ਜੀ ਅੱਜ ਬਾਕੀ ਮਰੀਜ਼ਾ ਨੂੰ ਵੀ ਦੇਖਣਾ ਹੈ।

ਇਨਾਯਤ:- ਥੋੜੀ ਨਿਰਾਸ਼ ਹੋ ਜਾਂਦੀ ਹੈ ,'ਤੇ ਲੰਮਾ ਗਹਿਰਾ ਸ਼ਾਹ ਲੈਂਦੀ ਹੈ 'ਤੇ ਮਾਲਿਸ਼ ਕਰਵਾਉਣ ਲਈ ਤਿਆਰ ਹੋ ਜਾਂਦੀ ਹੈ ।

ਨਰਸ ਰਜ਼ੀਆ ਉਸ ਦੀ ਮਾਲਿਸ਼ ਕਰਦੀ ਹੈ ।

ਅੱਜ ਇਨਾਯਤ ਡਾਕਟਰ ਅੰਕਲ ਦੀ ਉਡੀਕ ਵਿੱਚ ਬੈਠੀ ਸੀ ਅਤੇ ਉਹ ਵਾਰ-ਵਾਰ ਦਰਵਾਜ਼ੇ ਦੀ ਤਰਫ਼ ਨਜ਼ਰਾਂ ਘੁੰਮਾ ਰਹੀ ਸੀ ਕਿਉਂਕਿ ਅੱਜ ਉਸਨੂੰ ਆਪਣੇ ਸਵਾਲ ਦਾ ਜ਼ਵਾਬ ਪੁੱਛਣਾ ਸੀ, ਡਾਕਟਰ ਅੰਕਲ ਤੋਂ ।

ਡਾਕਟਰ ਦਰਵਾਜ਼ੇ ਤੇ ਆ ਕੇ....

ਡਾਕਟਰ:- ਹੋਰ ਪੁੱਤ ਇਨਾਯਤ ਕੀ ਹਾਲ ਹੈ ਅੱਜ ਸਾਡੀ ਪਰੀ ਦਾ ।

ਇਨਾਯਤ:- ਬਹੁਤ ਵੱਡੀਆਂ ਡਾਕਟਰ ਅੰਕਲ ।

ਡਾਕਟਰ:- ਅੱਛਾ!ਖੂਬ .

ਇਨਾਯਤ:-ਡਾਕਟਰ ਅੰਕਲ ਤੁਸੀਂ ਦਸੋ,,ਕਿਵੇਂ ਹੋ ।

ਡਾਕਟਰ:- ਮੈਂ ਵੀ ਬਹੁਤ ਵੱਧੀਆਂ ਪੁੱਤਰਾਂ ।

ਇਨਾਯਤ:-ਤੁਸੀਂ ਅੱਜ ਲੇਟ ਹੋ ਗਏ ?

ਡਾਕਟਰ:- ਅੱਜ ਮੈਨੂੰ ਤੇਰੇ ਵਰਗੀ ਕਮਲੀ ਕੁੜੀ ਨੇ ਘੇਰ ਲਿਆ ।

ਇਨਾਯਤ:- ਹਾਏ! ਫ਼ੇਰ ਡਾਕਟਰ ਅੰਕਲ ।

ਡਾਕਟਰ:- ਫ਼ੇਰ ਕੀ ਹੋਣਾ ਸੀ ਘੇਰ ਕੇ ਕੁਟਿਆ ਮੈਨੂੰ (ਸ਼ਰਾਰਤੀ ' ਤੇ ਹਾਸੇ ਵਾਲੇ ਭਾਵ 'ਚ 'ਤੇ ਥੋੜ੍ਹਾ ਮੁਸਕੁਰਾਉਦੇ ਹੋਏ)

ਇਨਾਯਤ:- ਹਾਏ! ਸੱਚੀ ।

ਡਾਕਟਰ:- ਹੋਰ

ਇਨਾਯਤ:- ਝੂਠ

ਡਾਕਟਰ:-ਹੋਰ ਮੇਰੇ ਵੀ ਤੇਰੀ ਉਮਰ ਦੀ ਬੱਚੀ ਹੈ ।

ਇਨਾਯਤ:- ਅੱਛਾ!

ਡਾਕਟਰ:- ਹੱਮਮ

ਇਨਾਯਤ:-ਨਾਮ ਕੀ ਹੈ ਉਸ ਦਾ ?

ਡਾਕਟਰ:- ਇਜ਼ਵੀ ।

ਇਨਾਯਤ:- ਕਿੰਨਾ ਸੋਹਣਾ ਨਾਮ ਹੈ ,ਕਿਸ ਨੇ ਰਖਿਆ ?

ਡਾਕਟਰ:- ਤੇਰੇ ਡਾਕਟਰ ਅੰਕਲ ਨੇ ।

ਇਨਾਯਤ:- ਮੈਨੂੰ ਵੀ ਮਿਲਣਾ ਹੈ ਇਜ਼ਵੀ ਨਾਲ ।

ਡਾਕਟਰ:- ਜ਼ਰੂਰ ਮਿਲਾਵਾਂਗੇ ਕਦੇ ।

ਇਨਾਯਤ:- ਕੀ ਕਰਦੀ ਹੈ ਇਜ਼ਵੀ ।

ਡਾਕਟਰ:- ਪੜਦੀ ਹੈ ਉਹ ।

ਇਨਾਯਤ:- ਕੀ ਪੜਦੀ ਹੈ ਮੱਤਲਬ ਕਿਸ ਚੀਜ਼ ਦੀ ਪੜਾਈ ਕਰਦੀ ਹੈ ।

ਡਾਕਟਰ:- ਡਾਕਟਰ ਦੀ ਪੜਾਈ ।

ਇਨਾਯਤ:- ਓ ਓ ਅੱਛਾ ! ਤੁਸੀਂ ਉਸ ਨੂੰ ਆਪਣੇ ਵਰਗਾ ਇਨਸਾਨ ਬਣਾਉਗੇ , ਬਹੁਤ ਚੰਗੀ ਗੱਲ ਹੈ ।

ਡਾਕਟਰ:-ਹੋਰ ਕੀ ਹੁਣ ਤੂੰ ਦੱਸ ਕਿਸ ਦੇ ਵਰਗਾ ਬਣਨਾ ਚਾਹੁੰਦੀ ਹੈ।

ਇਨਾਯਤ:- ਮੈਂ ,ਮੈਂ ਤਾਂ ਖ਼ੁਦ ਵਰਗਾ ਹੀ ਬਣਨਾ ਚਾਹੁੰਦੀ ਹਾਂ ।

ਡਾਕਟਰ:- (ਮੁਸਕੁਰਾਉਦੇ ਹੋਏ) ਖ਼ੁਦ ਵਰਗਾ ।

ਇਨਾਯਤ:-ਹੋਰ ।

ਡਾਕਟਰ:-ਉਹ ਕਿਵੇਂ ?

ਇਨਾਯਤ:- ਮੇਰੇ ਵਰਗਾ ਤੁਹਾਨੂੰ ਇਸ ਦੁਨੀਆਂ ਤੇ ਕੋਈ ਦੂਸਰਾ ਨਹੀਂ ਮਿਲੇਗਾ , ਹਰ ਇਨਸਾਨ ਵਰਗਾ ਕੋਈ ਦੂਸਰਾ ਨਹੀਂ ਹੁੰਦਾ ।

ਡਾਕਟਰ:-ੳ ਅੱਛਾ! ਵਾਕੈਅ ਸਾਡੀ ਇਨਾਯਤ ਪਰੀ ਵਰਗਾ ਇਸ ਦੁਨੀਆਂ 'ਚ ਕੋਈ ਹੋਰ ਨਹੀਂ ਹੈ। ਬਹੁਤ ਖੂਬ ਪੁੱਤਰ ਜੀ ।

ਨਰਸ(ਰਜ਼ੀਆ ) ਕੁੱਝ ਘਬਰਾਈ ਹੋਈ ਕਮਰੇ ਦੇ ਅੰਦਰ ਆਉਦੀ ਹੈ 'ਤੇ ਕਹਿੰਦੀ ਹੈ ਸਰ,ਸਰ ਸਰ....

ਡਾਕਟਰ:- ੳ ੳ ਰਜ਼ੀਆ ਤੂੰ ਏਨੀ ਘਬਰਾਈ ਹੋਈ ਕਯੋ ਹੈ।

ਰਜ਼ੀਆ :- ਸਰ ਗੱਲ ਹੀ ਕੁੱਝ ਇਸ ਤਰ੍ਹਾਂ ਹੈ ।

ਡਾਕਟਰ:- ਕੀ ਹੋਇਆ ਸਭ ਖੈਰ ਤਾਂ ਹੈ ?

ਰਜ਼ੀਆ :- ਸਰ ਉਹ ਮਰੀਜ਼ ਬਹੁਤ ਤੰਗ ਹੋ ਰਿਹਾ ਹੈ ।

ਡਾਕਟਰ:- (ਝੱਟ ਉੱਠਦੇ ਹੋਏ'ਤੇ ਤੁਰਦਾ -ਤੁਰਦਾ ਪੁੱਛਦਾ ਹੈ) ਕਿਹੜਾ ਮਰੀਜ਼ ਨਾਮ ਤਾਂ ਦੱਸ ?

ਰਜ਼ੀਆ :-ਉਹ ਹੀ ਮਰੀਜ਼ ਸਰ ...ਉਹ ਹੀ ..

ਡਾਕਟਰ:-ਚੱਲੋ , ਚੱਲੋ ਰਜ਼ੀਆ ਪਤਾ ਹੈ ਮੈਨੂੰ ਹੁਣ ਤੇਰੇ ਤੋਂ ਕੁੱਝ ਵੀ ਨਹੀਂ ਦੱਸਿਆ ਜਾਣਾ।

ਡਾਕਟਰ ਅੱਜ ਫ਼ੇਰ ਇਨਾਯਤ ਦੇ ਸਵਾਲਾਂ ਦੇ ਜ਼ਵਾਬ ਦਿੱਤੇ ਬਿਨਾਂ ਹੀ ਚਲਾ ਜਾਂਦਾ ਹੈ। ਇੱਕ ਵਾਰ ਫੇਰ ਇਨਾਯਤ ਨਿਰਾਸ਼ ਹੋ ਜਾਂਦੀ ਹੈ ।ਪਰ ਉਹ ਇਹ ਸੋਚ ਕੇ ਦਰੁਸਤ ਹੋ ਜਾਂਦੀ ਹੈ ਕਿ ਕੱਲ ਉਹ ਪੱਕਾ ਆਪਣੀ ਗੱਲ ਮੁਕੰਮਲ ਕਰੇਗੀ ਉਹ ਬੈਡ ਤੇ ਲੈਟ ਜਾਂਦੀ ਹੈ' ਤੇ ਸੋਚਦੀ -ਸੋਚਦੀ ਆਪਣੇ ਛੱਤ ਦੇ ਪੱਖੇ ਵੱਲ ਦੇਖ ਰਹੀ ਹੁੰਦੀ ਹੈ

'ਤੇ ਗਹਿਰੀ ਸੋਚ 'ਚ ਡੁੱਬਣ ਤੋਂ ਬਾਅਦ ਇਨਾਯਤ ਨੂੰ ਨੀਂਦ ਆ ਜਾਂਦੀ ਹੈ ।

ਅੱਜ ਫ਼ੇਰ ਇਨਾਯਤ ਡਾਕਟਰ ਅੰਕਲ ਦੀ ਉਡੀਕ 'ਚ ਬੈਠੀ ਸੀ । ਡਾਕਟਰ ਅੰਕਲ ਵੀ ਉਸ ਦਾ ਅੱਜ ਹੋਸਪੀਟਲ 1 ਘੰਟਾ ਜ਼ਲਦੀ ਆ ਗਿਆ । ਇਨਾਯਤ ਬਹੁਤ ਖੁਸ਼ ਹੋਈ ।

ਡਾਕਟਰ:- ਹੋਰ ਪੁੱਤਰ ਇਨਾਯਤ ਕਿਵੇਂ ਹੈ ?

ਇਨਾਯਤ:-ਚੜ੍ਹਦੀ ਕਲਾ ਡਾਕਟਰ ਅੰਕਲ ।

ਡਾਕਟਰ:- ਉਹ ਅੱਛਾ! ਰੱਬ ਤੈਨੂੰ ਹਮੇਸ਼ਾ ਇਸ ਚੜ੍ਹਦੀ ਕਲਾ ਵਿੱਚ ਰੱਖੇ ਪੁੱਤਰ ਜੀ ।

ਇਨਾਯਤ:-ਧੰਨਵਾਦ ਡਾਕਟਰ ਅੰਕਲ ,ਤੁਹਾਨੂੰ ਵੀ ।

ਡਾਕਟਰ:-ਚੱਲ ਅੱਜ ਸੁਣਾ ਫ਼ੇਰ ਤੇਰਾ ਉਹ ਲਾਇਬ੍ਰੇਰੀ ਵਾਲਾ ਲੇਖ ।

ਇਨਾਯਤ :- ਪੱਕਾ ਸੁਣਾਵਾਂ ।

ਡਾਕਟਰ:- ਹਾਂ ਸੁਣਾ ਮੇਰੀ ਪਿਆਰੀ ਪਰੀ ।

ਇਨਾਯਤ:- ਤਾਂ ਸੁਣੋਂ ! ਉਸ ਲੇਖ ਦਾ ਨਾਮ ਸੀ, ' ਮੈਂ ਧਰਤੀ ਨੂੰ ਹਿਲਾ ਦਿੱਤਾ '

ਡਾਕਟਰ:- ਵਾਹ!ਧਰਤੀ ਨੂੰ ਹਿਲਾ ਦਿੱਤਾ । ਨਾਮ ਹੀ ਲੇਖ ਦਾ ਏਨਾ ਪ੍ਰਭਾਸ਼ਾਲੀ ਹੈ ਫ਼ੇਰ ਅੰਦਰਲਾ ਲੇਖ ਕਿੰਨਾ ਵੱਧੀਆਂ ਹੋਵੇਗਾ । ਮੇਰੀ ਇਨਾਯਤ ਪਰੀ ਮੈਂ ਮੁਕੰਮਲ ਤੌਰ ਤੇ ਤੇਰਾ ਲੇਖ ਸੁਣਨ ਲਈ ਤਿਆਰ ਹਾਂ ।

ਇਨਾਯਤ:- ਹਾਂ ਜੀ ਡਾਕਟਰ ਅੰਕਲ ਸੁਣੋਂ !

"ਮੈਂ ਧਰਤੀ ਨੂੰ ਹਿਲਾ ਦਿੱਤਾ"

ਸੈਨ ਫ੍ਰਾਂਸਿਸਕੋ ਦੇ ਇਲਾਕੇ 'ਚ ਇਕ ਵਿਸੇਸ਼ ਮੁੜ-ਵਸੇਬਾ ਹਸਪਤਾਲ

ਸੀ , ਜਿੱਥੇ ਗਿਆਰ੍ਹਾਂ ਸਾਲ ਦੀ ਏਂਜ਼ੇਲਾ ਨਾਮ ਦੀ ਕੁੜੀ ਦਾਖ਼ਲ ਸੀ । ਉਸ ਨੂੰ ਇਕ ਗੰਭੀਰ ਬਿਮਾਰੀ ਸੀ,ਜਿਸ ਕਾਰਨ ਉਹ ਤੁਰ-ਫਿਰ ਨਹੀਂ ਸਕਦੀ ਸੀ। ਡਾਕਟਰਾਂ ਦਾ ਅਨੁਮਾਨ ਸੀ ਕਿ ਉਹ ਹੁਣ ਜੀਵਨ ਭਰ ਵ੍ਹੀਲ ਚੇਅਰ 'ਤੇ ਹੀ ਰਹੇਗੀ ,ਪਰ ਇਸ ਦੇ ਬਾਵਜੂਦ ਉਸ ਛੋਟੀ ਲੜਕੀ ਨੇ ਹਿੰਮਤ ਨਹੀਂ ਹਾਰੀ । ਡਾਕਟਰ ਵੀ ਉਸ ਦੇ ਹੌਂਸਲੇ ਤੋਂ ਬਹੁਤ ਪ੍ਰਭਾਵਿਤ ਸਨ। ਉਹਨਾਂ ਨੇ ਉਸ ਨੂੰ ਕਲਪਨਾ ਸ਼ਕਤੀ ਵਾਰੇ ਸਿਖਾਇਆ । ਡਾਕਟਰਾਂ ਨੇ ਉਸ ਨੂੰ ਸੁਝਾਅ ਦਿੱਤਾ ਕਿ ਉਹ ਖ਼ੁਦ ਨੂੰ ਤੁਰਦਾ ਹੋਇਆ ਦੇਖੇ ।ਏਂਜੇਲਾ ਉਹਨਾਂ ਦੀਆਂ ਗੱਲਾਂ ਨੂੰ ਮਾਨਸਿਕ,ਸਰੀਰਕ ਕਸਰਤ ਨਾਲ ਓਹਨੀ ਹੀ ਮੇਹਨਤ ਨਾਲ ਕਲਪਨਾ ਕਰਨ ਲੱਗੀ ਕਿ ਉਹ ਹਿੱਲ ਰਹੀ ਸੀ , ਕਿ ਉਸ ਦੇ ਪੈਰ ਹਿੱਲ ਰਹੇ ਹਨ,ਤਾਂ ਉਸ ਨੂੰ ਇੰਜ ਲੱਗਾ ਜਿਵੇਂ ਚਮਤਕਾਰ ਹੋ ਗਿਆ ਹੋਵੇ,ਪਲੰਗ ਹਿਲਣ ਲੱਗ ਗਿਆ ।ਉਹ ਖਿਸਕ ਕੇ ਕਮਰੇ ਦੇ ਦੁੱਜੇ ਕੋਨੇ 'ਚ ਪੁਹੰਚ ਗਈ ।

ਏਂਜੇਲਾ ਚੀਕੀ ,ਵੇਖੋ ਮੈਂ ਕੀ ਕਰ ਦਿੱਤਾ ,ਵੇਖੋ !ਵੇਖੋ! ਮੈਂ ਇਹ ਕਰ ਸਕਦੀ ਹਾਂ,ਮੈਂ ਹਿੱਲੀ ਸੀ । ਵੇਖੋ! ਵੇਖੋ! ਵੇਖੋ ! ਸਾਰੇ ਉਸ ਸਮੇਂ ਹਸਪਤਾਲ 'ਚ ਮੌਜੂਦ ਹਰ ਆਦਮੀ ਚੀਕ ਰਿਹਾ ਸੀ ਅਤੇ ਬਚਣ ਲਈ ਭੱਜ ਰਿਹਾ ਸੀ,ਕੱਚ ਟੁੱਟ ਰਹੇ ਸਨ। ਸੈਨ ਫ੍ਰਾਂਸਿਸਕੋ 'ਚ ਉਸ ਸਮੇਂ ਭੁਚਾਲ ਆਇਆ ਸੀ । ਇਹ ਗੱਲ ਏਂਜੇਲਾ ਨੂੰ ਨਹੀਂ ਦਸੀ ਗਈ ,ਉਸ ਨੂੰ ਪੂਰਾ ਭਰੋਸਾ ਸੀ ਕਿ ਇਹ ਕੰਮ ਉਸ ਨੇ ਕੀਤਾ ਸੀ । ਇਸ ਘਟਨਾ ਤੋਂ ਕੁੱਝ ਸਾਲ ਬਾਅਦ ਹੀ ਉਹ ਆਪਣੇ ਪੈਰਾਂ ਨਾਲ ਤੁਰ ਕੇ ਸਕੂਲ ਵੀ ਜਾਣ ਲੱਗੀ । ਉਸ ਨੂੰ ਇਸ ਭਰੋਸੇ ਨੇ ਆਪਣੇ ਪੈਰਾਂ ਤੇ ਖੜਾ ਕੀਤਾ ਕਿ ਜੋ ਲੜਕੀ ਸੈਨ ਫ੍ਰਾਂਸਿਸਕੋ ਅਤੇ ਆਕਲੈਂਡ ਦਰਮਿਆਨ ਦੀ ਪੂਰੀ ਧਰਤੀ ਨੂੰ ਹਿਲਾ ਸਕਦੀ ਹੈ ਤਾਂ ਕਿ ਉਹ ਇਕ

ਛੋਟੀ ਬਿਮਾਰੀ ਨੂੰ ਨਹੀਂ ਜਿੱਤ ਸਕਦੀ ?

ਇਨਾਯਤ:-ਡਾਕਟਰ ਅੰਕਲ ਕਿਹੋ ਜਿਹਾ ਲੱਗਾ ਮੇਰਾ ਲੇਖ।

ਡਾਕਟਰ:- (ਆਪਣੀਆਂ ਅੱਖਾਂ 'ਚੋਂ ਹੰਝੂ ਪੂੰਝਦਾ ਹੋਇਆ,ਜਜ਼ਬਾਤੀ ਭਰੀ ਆਵਾਜ਼ 'ਚ ਬੋਲਿਆ) ਬਹੁਤ ਸੋਹਣਾ ਅਤੇ ਪ੍ਰੇਰਕ ਪ੍ਰਸੰਗ ਸੀ ਤੇਰਾ ਲੇਖ ਪੁੱਤਰ ਜੀ ।

ਇਨਾਯਤ:- ਤੁਹਾਡੀਆਂ ਅੱਖਾਂ 'ਚ ਹੰਝੂ ਆ ਗਏ ਡਾਕਟਰ ਅੰਕਲ ,,ਪਤਾ ਜਦੋਂ ਮੈਂ ਪਹਿਲੀ ਵਾਰ ਪੜ੍ਹਿਆ ਸੀ ਮੇਰੀਆਂ ਅੱਖਾਂ 'ਚ ਵੀ ਹੰਝੂ ਆਏ ਸੀ ।

ਡਾਕਟਰ:-ਹਾਂ ਪੁੱਤਰ ਜੀ ।

ਇਨਾਯਤ:-ਹੁਣ ਤੁਸੀਂ ਆਪਣੇ ਸ਼ਬਦਾਂ 'ਚ ਇਸ ਲੇਖ ਦੀ ਪ੍ਰੇਰਨਾ(ਸਿਖਿਆ) ਨੂੰ ਦਸੋ ।

ਡਾਕਟਰ:- ਸਾਨੂੰ ਇਸ ਤੋਂ ਇਹ ਪ੍ਰੇਰਨਾ ਮਿਲਦੀ ਹੈ ਕਿ ਅਸੀਂ ਜੋ ਵੀ ਕਰਨਾ ਚਾਹੁੰਦੇ ਹਾਂ ,ਜੋ ਵੀ ਬਣਨਾ ਚਾਹੁੰਦੇ ਹਾਂ,ਮੇਹਨਤ ਦੇ ਨਾਲ-ਨਾਲ ਉਸ ਦੇ ਸਾਕਾਰ ਹੋਣ ਦਾ ਸੁਪਨਾ ਵੀ ਵਾਰ-ਵਾਰ ਵੇਖੋ ।

ਤੁਹਾਡੀ ਇਹੀ ਕਲਪਨਾ ਸ਼ਕਤੀ ਇਕ ਦਿਨ ਈਸ਼ਵਰ ਨੂੰ 'ਤਥਾਂਸਤੂ' ਕਹਿਣ ਲਈ ਮਜ਼ਬੂਰ ਕਰ ਦੇਵੇਂਗੀ ।

ਇਨਾਯਤ:- ਜੀ ਡਾਕਟਰ ਅੰਕਲ ਬਿਲਕੁਲ ।

ਕੁੱਝ ਸਮੇਂ ਲਈ ਡਾਕਟਰ ਗਹਰੀ ਸੋਚ ਵਿੱਚ ਡੁੱਬ ਜਾਂਦਾ ਹੈ 'ਤੇ ਫ਼ੇਰ ਰਜ਼ੀਆ ਆ ਕੇ ਡਾਕਟਰ ਨੂੰ ਕਹਿੰਦੀ ਹੈ ਕਿ ''ਸਰ ਬਾਕੀ ਮਰੀਜਾਂ ਦੇ ਚੈੱਕਅਪ ਦਾ ਸਮਾਂ ਹੋ ਚੁਕਿਆ '' ਡਾਕਟਰ ਨੂੰ ਕੁੱਝ ਵੀ ਸੁਣਾਈ ਨਹੀਂ ਦੇ ਰਿਹਾ ਸੀ , ਕਿਉਂਕਿ ਡਾਕਟਰ ਕੁੱਝ ਸੋਚ ਰਿਹਾ

ਸੀ।

ਰਜ਼ੀਆ ਇਕ ਵਾਰ ਫ਼ੇਰ ਬੋਲਦੀ ਹੈ 'ਤੇ ਕਹਿੰਦੀ ਹੈ। "ਸਰ ਬਾਕੀ ਮਰੀਜਾਂ ਦੇ ਚੈੱਕਅਪ ਦਾ ਸਮਾਂ ਹੋ ਚੁਕਿਆ "।

(ਡਾਕਟਰ ਰਜ਼ੀਆ ਵੱਲ ਦੇਖਦਾ ਹੋਇਆ)

ਡਾਕਟਰ:- ਹਾਂ ,ਹਾਂ ਰਜ਼ੀਆ ਚਲੋ,ਚਲੋ । ਇਨਾਯਤ ਪੁੱਤਰ ਜੀ ਤੁਸੀਂ ਹੁਣ ਰੈਸਟ ਕਰੋ । (ਇਨ੍ਹਾਂ ਕੁ ਬੋਲ ਕੇ ਡਾਕਟਰ ਖੜਾ ਹੋ ਕੇ ਚਲਾ ਜਾਂਦਾ ਹੈ।

ਡਾਕਟਰ ਸਾਰੇ ਮਰੀਜਾਂ ਦਾ ਚੈੱਕਅੱਪ ਕਰਨ ਤੋਂ ਬਾਅਦ ਆਪਣੇ ਕੈਬਿਨ 'ਚ ਕਿੰਨੇ ਹੀ ਸਮੇਂ ਤੱਕ ਬੈਠਾ ਸੋਚਦਾ ਰਿਹਾ ਇਨਾਯਤ ਬਾਰੇ 'ਤੇ ਇਨਾਯਤ ਦੁਆਰਾ ਸੁਣਾਏ ਗਏ ਉਸ ਲੇਖ ਬਾਰੇ । ਡਾਕਟਰ ਸੋਚ ਰਿਹਾ ਸੀ ਕਿ ਇਨਾਯਤ ਦੇ ਪਰਿਵਾਰ ਨਾਲ ਸੁਲ੍ਹਾ -ਮਸਵਰਾ ਕਰ ਕੇ ਇਨਾਯਤ ਨੂੰ ਦੱਸ ਦਿੱਤਾ ਜਾਵੇ ਕਿ ਉਹ ਪੂਰੀ ਜ਼ਿੰਦਗੀ ਨਹੀਂ ਠੀਕ ਹੋ ਸਕਦੀ । ਡਾਕਟਰ ਦਾ ਖ਼ਿਆਲ ਸੀ ਕਿ ਬੇਸ਼ੱਕ ਇਨਾਯਤ ਦੀ ਉਮਰ 21ਵਰ੍ਹੇ ਬਹੁਤ ਛੋਟੀ ਹੈ ਪਰ ਉਸ ਦੀ ਸੋਚ ਦੀ ਉਮਰ ਬਹੁਤ ਜ਼ਿਆਦਾ ਹੈ । ਉਹ ਬਹੁਤ ਸਮਝਦਾਰ ਅਤੇ ਹਰ ਪ੍ਰਸਿਥਤੀ ਨੂੰ ਸਮਝਣ ਵਾਲੀ ਹੈ ।

ਫ਼ੇਰ ਡਾਕਟਰ ਦੇ ਮਨ ਵਿੱਚ ਖ਼ਿਆਲ ਆਇਆ ਜ਼ੇਕਰ ਸਭ ਸੱਚ ਦੱਸ ਦਿੱਤਾ ਫ਼ੇਰ ਇਨਾਯਤ ਟੁੱਟ ਹੀ ਨਾ ਜਾਵੇ, ਡਾਕਟਰ ਨੂੰ ਡਰ ਲੱਗ ਰਿਹਾ ਸੀ ਕਿ ਇਨਾਯਤ ਨੂੰ ਸੱਚ ਪਤਾ ਲੱਗਣ ਤੋਂ ਬਾਅਦ ਇਨਾਯਤ ਹੌਂਸਲਾ ਨਾ ਛੱਡ ਦੇਵੇ। ਡਾਕਟਰ ਇਕ ਅਜ਼ੀਬ ਕਸ਼ਮਕਸ਼ 'ਚ ਫਸ ਚੁੱਕਿਆ ਸੀ। ਡਾਕਟਰ ਲਈ ਇਨਾਯਤ ਦੇ ਸਵਾਲਾਂ ਦੇ ਜਵਾਬ ਦੇਣੇ ਹੁਣ ਲਾਜ਼ਮੀ ਹੋ ਚੁਕੇ ਸੀ ।

ਆਖ਼ਿਰ ਵਿਚ ਡਾਕਟਰ ਨੇ ਫ਼ੈਸਲਾ ਕੀਤਾ ਕਿ ਉਹ ਸਵੇਰੇ ਇਨਾਯਤ ਨੂੰ ਉਸ ਦੀ ਸਮੱਸਿਆ ਵਾਰੇ ਦੱਸ ਦੇਵੇਗਾ ਕਿ ਉਸ ਨੂੰ ਠੀਕ ਹੋਣ 'ਤੇ ਕਿੰਨਾ ਕੁ ਸਮਾਂ ਲੱਗੇਗਾ ।
ਇਸ ਤੋਂ ਬਾਅਦ ਡਾਕਟਰ ਆਪਣੇ ਘਰ ਪਰਤ ਜਾਂਦਾ ਹੈ ।

ਅਗਲੀ ਸਵੇਰ ਇਨਾਯਤ ਅੱਜ ਫ਼ੇਰ ਇਸ ਆਸ ਵਿੱਚ ਬੈਠੀ ਸੀ ਕਿ ਡਾਕਟਰ ਅੰਕਲ ਕਦੋਂ ਆਉਣ 'ਤੇ ਉਸ ਨੂੰ ਛੇਤੀ ਪਤਾ ਲੱਗੇ ਕਿ ਉਹ ਕਿੰਨੇ ਕੁ ਸਮੇਂ ਵਿੱਚ ਠੀਕ ਹੋ ਜਾਵੇਗੀ ।
ਡਾਕਟਰ ਨੂੰ ਦਰਵਾਜ਼ੇ 'ਤੇ ਵੇਖ ਕੇ ਇਨਾਯਤ ਦੀਆਂ ਅੱਖਾਂ 'ਚ ਅਜ਼ੀਬ ਜਿਹੀ ਚਮਕ ਆ ਜਾਂਦੀ ਹੈ ।ਇਨਾਯਤ ਨੂੰ ਪੂਰੀ ਉਮੀਦ ਸੀ ਕਿ ਅੱਜ ਤਾਂ ਉਸ ਨੂੰ ਪਤਾ ਲੱਗ ਜਾਵੇਗਾ ਕਿ ਉਹ ਕਿੰਨੇ ਕੁ ਸਮੇਂ ਵਿਚ ਠੀਕ ਹੋ ਜਾਵੇਗੀ ।

ਡਾਕਟਰ:-ਹੋਰ ਪੁੱਤ ਇਨਾਯਤ ਕੌਰ ਨੂਰ ਕਿਵੇ ਹੈ ?
ਇਨਾਯਤ:- ਇਨਾਯਤ ਕੌਰ ਨੂਰ !!(ਹੈਰਾਨੀਜਨਕ ਪੁੱਛਦੀ ਹੈ) ਮੇਰਾ ਨਾਮ ਤਾਂ ਸਿਰਫ਼ ਇਨਾਯਤ ਕੌਰ ਹੈ। ਹੁਣ ਆਹ ! ਨੂਰ ਕੌਣ ਹੈ 'ਤੇ ਨੂਰ ਕਿਓ ਕਿਹਾ ਤੁਸੀਂ ਮੈਨੂੰ ?
ਡਾਕਟਰ:- ਹੋਰ ਤਰੀਆਂ ਅੱਖਾਂ 'ਚ ਐਨਾ ਨੂਰ ਹੈ,,ਨੂਰ ਨਾ ਕਿਹਾ ਤਾਂ ਹੋਰ ਕੀ ਬੁਲਾਵਾ ਰੌਸ਼ਨੀ , ਇਨਾਯਤ ਕੌਰ ਰੌਸ਼ਨੀ ਹੁਣ ਠੀਕ ਹੈ ਜਾਂ ਫੇਰ ਨੂਰ (ਡਾਕਟਰ ਮਜ਼ਾਕ ਭਰੇ ਲਫ਼ਜ਼ਾ 'ਚ ਕਹਿੰਦਾ ਹੈ)
ਇਨਾਯਤ:-ਠੀਕ ਹੈ ਡਾਕਟਰ ਅੰਕਲ ਜਿਵੇਂ ਤੁਹਾਨੂੰ ਚੰਗਾ ਲੱਗੇ। ਹੁਣ ਤੁਸੀਂ ਮੈਨੂੰ ਇਹ ਦਸੋ ਕਿ ਮੈਨੂੰ ਠੀਕ ਹੋਣ ਵਿਚ ਕਿੰਨਾ ਕੁ ਸਮਾਂ ਲੱਗੇਗਾ ।

ਡਾਕਟਰ ਇਕ ਵਾਰ ਫ਼ੇਰ ਫਿਕਰਾਂ 'ਚ ਪੈ ਜਾਂਦਾ ਹੈ 'ਤੇ ਉਸ ਦੇ ਚਿਹਰੇ 'ਤੇ ਥੋੜੀ ਜਿਹੀ ਬੇਚੈਨੀ ਆ ਜਾਂਦੀ ਹੈ।

ਇਨਾਯਤ:- ਮੈਨੂੰ ਪਤਾ ਹੈ ਡਾਕਟਰ ਅੰਕਲ ਮੇਰੇ ਪਰਿਵਾਰ ਨੇ ਤੁਹਾਨੂੰ ਕੁੱਝ ਵੀ ਦੱਸਣ ਲਈ ਮਨਾ ਕੀਤਾ ਹੋਵੇਗਾ ਪਰ ਯਕੀਨ ਕਰੋ ਮੇਰਾ ਮੈਂ ਆਪਣੇ ਕਿਸੇ ਵੀ ਪਰਿਵਾਰ ਦੇ ਮੇਮਬਰ ਨੂੰ ਨਹੀਂ ਦੱਸਾਂਗੀ ,ਕਿ ਤੁਸੀਂ ਮੈਨੂੰ ਮੇਰੀ ਬਿਮਾਰੀ ਵਾਰੇ ਸਭ ਡੂੰਘਾਈ ਤੱਕ ਦੱਸ ਦਿੱਤਾ ।

ਡਾਕਟਰ:-ਪੱਕਾ ਵਾਅਦਾ ਕਰ...।

ਇਨਾਯਤ:- ਜੀ ਪੱਕਾ ਵਾਅਦਾ ਰਿਹਾ ।

ਡਾਕਟਰ:- ਚਲ ਸੁਣ ਫ਼ੇਰ ਤੇਰਾ ਇਕ ਪਾਸਾ ਪੂਰੀ ਤਰ੍ਹਾਂ ਰੁੱਕ ਚੁੱਕਿਆ ਹੈ , ਜਿਨ੍ਹਾਂ ਜਲਦੀ ਤੂੰ ਚਾਹੁੰਦੀ ਹੈ ਕਿ ਇਹ ਠੀਕ ਹੋ ਜਾਵੇ ਨਹੀਂ ਹੋ ਸਕਦਾ, ਕਾਫ਼ੀ ਸਮਾਂ ਲੱਗ ਜਾਵੇਗਾ ।

ਇਨਾਯਤ:-ਦਸੋ ਨਾ ਡਾਕਟਰ ਅੰਕਲ ਕਿੰਨਾ ਕੁ ਸਮਾਂ, ਮੈਂ ਆਪਣੀ ਤਰਫ਼ ਤੋਂ ਠੀਕ ਹੋਣ ਦੀ ਪੂਰੀ ਕੋਸ਼ਿਸ਼ ਕਰ ਰਹੀ ਹਾਂ,ਤੁਸੀਂ ਜ਼ੇਕਰ ਇਹ ਦੱਸ ਦਵੋ ਕਿ ਕਿੰਨਾ ਸਮਾਂ ਲੱਗੇਗਾ,ਤਾਂ ਮੇਰੇ ਤੇ ਯਕੀਨ ਕਰੋ । ਮੈਂ ਉਸ ਦੇ ਅੱਧੇ ਸਮੇਂ 'ਚ ਠੀਕ ਹੋ ਕੇ ਦਿਖਾਵਾਗੀ ।

ਡਾਕਟਰ ਫ਼ੇਰ ਸੋਚਾਂ ਵਿੱਚ ਪੈ ਜਾਂਦਾ ਹੈ, ਕਿ ਜ਼ੇਕਰ ਇਸ ਨੂੰ ਜ਼ਿੰਦਗੀ ਭਰ ਦਾ ਦੱਸ ਦਿੱਤਾ ਤਾਂ ਫ਼ੇਰ ਕੀ ਬੀਤੇਗੀ ਇਨਾਯਤ 'ਤੇ ...।

ਇਨਾਯਤ:- ਡਾਕਟਰ ਅੰਕਲ ਬੋਲੋ ਜ਼ਲਦੀ , ਕੁੱਝ ਤਾਂ ..

ਡਾਕਟਰ:- (ਇਕਦਮ ਡਾਕਟਰ ਦੇ ਮੂੰਹ ਵਿਚੋਂ ਨਿਕਲ ਜਾਂਦਾ ਹੈ) 5 ਸਾਲ ਤੱਕ ਦਾ ਸਮਾਂ ਲੱਗੇਗਾ ।

ਇਨਾਯਤ:- ਬਸ 5 ਸਾਲ ਤੱਕ ਦਾ ਹੀ !

ਡਾਕਟਰ:-(ਸੁਣ ਕੇ ਹੈਰਾਨ ਜਿਹਾ ਹੋਇਆ)ਮੈਂ ਕੁੱਝ ਸਮਝਿਆਂ ਨਹੀਂ ਇਨਾਯਤ ਪੁੱਤਰ ਜੀ !

ਇਨਾਯਤ:- ਮੈਂ ਤੁਹਾਨੂੰ ਇਸ ਤੋਂ ਘੱਟ ਸਮੇਂ ਵਿੱਚ ਠੀਕ ਹੋ ਕੇ ਦਿਖਾਵਾਂਗੀ ।

ਡਾਕਟਰ:-( ਥੋੜ੍ਹਾ ਮੁਸਕੁਰਾਉਦੇ ਹੋਏ) ਅੱਛਾ! ਖ਼ੂਬ!ਖ਼ੂਬ!ਹੋਰ ਆਪਾ ਨੂੰ ਕੀ ਚਾਹਿੰਦਾ ਹੈ ਪੁੱਤਰ ਜੀ ,ਖ਼ੁਦਾ ਕਰੇ ਤੁਸੀਂ ਜਲਦੀ ਹੀ ਠੀਕ ਹੋ ਜਾਓ ।

ਏਨੇ ਵਿਚ ਰਜ਼ੀਆ ਆ ਜਾਂਦੀ ਹੈ 'ਤੇ ਬਾਕੀ ਮਰੀਜ਼ਾਂ ਦੇ ਚੈੱਕਅਪ ਬਾਰੇ ਡਾਕਟਰ ਨੂੰ ਆ ਕੇ ਕਹਿੰਦੀ ਹੈ ।

ਡਾਕਟਰ:-ਚਲ ਰਜ਼ੀਆ ,,ਠੀਕ ਹੈ ਇਨਾਯਤ ਪੁੱਤਰ ਅਰਾਮ ਕਰ ਹੁਣ।

(ਡਾਕਟਰ ਚਲਾ ਜਾਂਦਾ ਹੈ )

ਹੁਣ ਹਰ ਰੋਜ ਇਨਾਯਤ ਜ਼ਲਦੀ ਠੀਕ ਹੋਣ ਲਈ ਆਪਣੇ ਵਲੋਂ ਪੂਰੀ ਕੋਸ਼ਿਸ਼ ਕਰਦੀ ਹੈ 'ਤੇ ਉਹ ਹਰ ਰੋਜ਼ ਕਸਰਤ ਕਰਦੀ,ਮਾਲਿਸ਼ ਕਰਦੀ ਅਤੇ ਦਵਾਈ ਸਮੇਂ ਸਿਰ ਲੈ ਲੈਂਦੀ ਹੈ। ਇਹ ਸਭ ਵੇਖ ਕੇ ਡਾਕਟਰ ਵੀ ਬਹੁਤ ਖੁਸ਼ ਸੀ ਅਤੇ ਹੁਣ ਡਾਕਟਰ ਨੂੰ ਵੀ ਲੱਗ ਰਿਹਾ ਸੀ ਕਿ ਇਨਾਯਤ ਨੂੰ ਉਸ ਨੇ 5 ਸਾਲਾਂ ਦਾ ਕਿਹਾ ਹੈ ਤਾਂ ਉਹ ਇਸ ਤੋਂ ਘੱਟ ਸਮਾਂ ਹੀ ਲਵੇਗੀ ਠੀਕ ਹੋਣ ਲਈ ਕਿਉਂਕਿ ਇਨਾਯਤ ਪੂਰੇ ਹੌਂਸਲੇ ਨਾਲ ਇਹ ਸਭ ਕਰ ਰਹੀ ਸੀ ।

ਹੌਲ਼ੀ-ਹੌਲ਼ੀ ਸਮਾਂ ਬੀਤ ਰਿਹਾ ਹੈ। ਇਨਾਯਤ ਨੂੰ ਅੱਜ 2 ਸਾਲ ਪੂਰੇ ਹੋ ਚੁੱਕੇ ਸੀ ।

ਡਾਕਟਰ ਕਮਰੇ ਵਿਚ ਦਾਖ਼ਲ ਹੁੰਦਾ ਹੈ ।

ਡਾਕਟਰ:- ਕਿਵੇਂ ਹੈ ਸਾਡਾ ਇਨਾਯਤ ਪੁੱਤਰ ।

ਇਨਾਯਤ:-ਵਧਿਆ ਅੰਕਲ ,ਤੁਸੀਂ ਦਸੋ ।

ਡਾਕਟਰ:-ਅੱਜ ਤੈਨੂੰ ਕੋਈ ਮਿਲਣ ਆਇਆ ਹੈ ।

ਇਨਾਯਤ:- ਕੌਣ ।

ਡਾਕਟਰ:- ਹੈ ਕੋਈ ਤੇਰੇ ਹਾਣ ਦਾ ।

ਇਨਾਯਤ:- ਮੇਰੇ ਹਾਣ ਦਾ ਹੈ ਕੋਈ ,ਬੁਲਾਓ ਉਸ ਨੂੰ ਮੈਂ ਵੀ ਮਿਲਣਾ ਹੈ ਮੇਰੇ ਹਾਣ ਦੇ ਨੂੰ ।

ਡਾਕਟਰ:-(ਇਜ਼ਵੀ ਨੂੰ ਆਵਾਜ਼ ਲਗਾਉਦਾ ਹੈ) ਇਜ਼ਵੀ ਪੁੱਤਰ,ਇਜ਼ਵੀ ਪੁੱਤਰ ਆ ਜਾਓ ਅੰਦਰ ।

ਇਨਾਯਤ:-(ਸੁਣ ਕੇ) ਤੁਹਾਡੀ ਬੇਟੀ ਇਜ਼ਵੀ ਆਈ ਹੈ ਮੈਨੂੰ ਮਿਲਣ,ਜ਼ਲਦੀ ਆਓ ਇਜ਼ਵੀ ਬਾਹਰ ਕਿਉ ਖੜੇ ਹੋ ਤੁਸੀਂ ।

(ਇਜ਼ਵੀ ਅੰਦਰ ਆਉਂਦੀ ਹੈ ਹੱਥ ਵਿੱਚ ਉਸ ਦੇ ਪੀਲੇ ਗੁਲਾਬ ਹੁੰਦੇ ਹੈ )

ਇਜ਼ਵੀ:-ਸਤਿ ਸ੍ਰੀ ਅਕਾਲ ਮੇਰੀ ਪਿਆਰੀ ਭੈਣ ।

ਇਨਾਯਤ:- ਸਤਿ ਸ੍ਰੀ ਅਕਾਲ ਜੀ ।

(ਇਨਾਯਤ ਦੀਆਂ ਅੱਖਾਂ 'ਚ ਅੱਜ ਫ਼ੇਰ ਇਕ ਖ਼ਾਸ 'ਤੇ ਅਵਲੀ ਚਮਕ ਸੀ)

(ਡਾਕਟਰ ਇਨਾਯਤ ਨੂੰ ਦੇਖ ਕੇ ਕਹਿੰਦਾ ਹੈ )

ਡਾਕਟਰ:-ਠੀਕ ਹੈ ਇਨਾਯਤ ਕੌਰ ਨੂਰ , ਮੈਂ ਬਾਕੀ ਦੇ ਮਰੀਜ਼ਾਂ ਦਾ ਚੈੱਕਅਪ ਕਰਕੇ ਵਾਪਿਸ ਆਵਾਂਗਾ । ਇਹਨੇ ਤੂੰ ਇਜ਼ਵੀ ਨਾਲ ਗੱਲਾਂ ਕਰ ।

ਇਨਾਯਤ :- ਠੀਕ ਹੈ ,ਡਾਕਟਰ ਅੰਕਲ ।

ਇਜ਼ਵੀ:- ਹੋਰ ਇਨਾਯਤ ਤੇਰੀ ਤਬੀਅਤ ਕਿਵੇ ਹੈ ਹੁਣ ।

ਇਨਾਯਤ :- ਠੀਕ ਹੈ ,ਦੀਦੀ ।

ਇਜ਼ਵੀ:-ਇਹ ਪੀਲੇ ਗੁਲਾਬ ਮੈਨੂੰ ਬਹੁਤ ਪਸੰਦ ਹੈ ਇਸ ਲਈ ਮੈਂ ਤੇਰੇ ਲਈ ਲੈ ਆਈ।

ਇਨਾਯਤ:-ਵਾਹ!ਸੱਚ ਤੁਹਾਨੂੰ ਵੀ ਪੀਲੇ ਗੁਲਾਬ ਬਹੁਤ ਪਸੰਦ ਹੈ ਅਤੇ ਦੂਜੇ ਨੰਬਰ 'ਤੇ ਸਫ਼ੇਦ ਫੁੱਲ ਜੋ ਮਰਜੀ ਹੋਵੇ ।

ਇਜ਼ਵੀ:- ਅੱਛਾ ! ਫ਼ੇਰ ਤਾਂ ਆਪਣੀ ਪਸੰਦ ਮਿਲਦੀ-ਜ਼ੁਲਦੀ ਹੈ ।

ਇਨਾਯਤ:-ਹਾਂ ਦੀਦੀ ।

ਇਜ਼ਵੀ:-ਇਕ ਖੁਸ਼ੀ ਵਾਲੀ ਗੱਲ ਦਸਾ ।

ਇਨਾਯਤ:-ਦਸੋ ਦੀਦੀ ।

ਇਜ਼ਵੀ:- ਅੱਜ ਤੋਂ ਬਾਅਦ ਮੈਂ ਹਰ ਰੋਜ਼ ਤੈਨੂੰ ਮਿਲਿਆਂ ਕਰੂ । ਮੈਂ ਪਾਪਾ ਦਾ ਹਸਪਤਾਲ ਜੋਇੰਨ ਕਰ ਲਿਆ ਹੈ ।

ਇਨਾਯਤ:-ਸੱਚ ।(ਖੁਸ਼ੀ ਵਿਚ )

ਇਜ਼ਵੀ :- ਮੁੱਚ (ਮੁਸਕੁਰਾਉਦੀ ਹੋਈ )

(ਦੋਨੋਂ ਉੱਚੀ ਉੱਚੀ ਹੱਸਦਿਆਂ ਹੈ )

ਇਸ ਤਰ੍ਹਾਂ ਤਕਰੀਬਨ 6 ਮਹੀਨੇ ਬੀਤ ਗਏ ਅਤੇ ਹੁਣ ਤੱਕ ਤਾਂ ਇਨਾਯਤ ਅਤੇ ਇਜ਼ਵੀ ਦੀ ਦੋਸਤੀ ਬਹੁਤ ਗਹਰੀ ਹੋ ਚੁੱਕੀ ਸੀ । ਬੇਸ਼ਕ ਇਨਾਯਤ ਦੀ ਸੇਹਤ ਵਿੱਚ ਕਾਫ਼ੀ ਸੁਧਾਰ ਆ ਚੁੱਕਿਆਂ ਸੀ ,ਥੋੜ੍ਹਾ-ਥੋੜ੍ਹਾ ਉਹ ਠੀਕ ਹੋ ਰਹੀ ਸੀ । ਪਰ ਫ਼ੇਰ ਇਜ਼ਵੀ ਨੇ ਆਪਣੇ ਪਾਪਾ ਡਾਕਟਰ ਨੂੰ ਇਕ ਸੁੱਝਾਅ ਦਿੱਤਾ ਅਤੇ ਇਹ ਸੁੱਝਾਅ ਇਨਾਯਤ ਦੀ ਸੇਹਤ ਨੂੰ ਮੁਕੰਮਲ ਠੀਕ ਕਰ ਸਕਦਾ ਸੀ ,ਪਰ ਇਹ ਤਰੀਕਾ ਥੋੜ੍ਹਾ ਰਿਸ਼ਕ ਨਾਲ ਭਰਿਆ ਸੀ ।ਜਦੋਂ ਇਜ਼ਵੀ ਨੇ ਆਪਣੇ ਡਾਕਟਰ ਪਾਪਾ ਨੂੰ ਪੂਰਾ ਪਲਾਨ ਸਮਝਾਇਆਂ ਤਾਂ ਡਾਕਟਰ ਸੋਚਾਂ ਵਿੱਚ ਪੈ ਗਿਆ ਕਿ ਜ਼ੇਕਰ ਇਨਾਯਤ ਦੀ ਸੇਹਤ ਠੀਕ ਹੋਣ ਦੀ ਜਗ੍ਹਾ

ਵਿਗੜ ਗਈ ਫ਼ੇਰ ਕੀ ਕਰਾਂਗੇ ।

(ਡਾਕਟਰ ਦੇ ਮਨ ਵਿਚ ਥੋੜ੍ਹਾ ਡਰ ਸੀ)

(ਇਜ਼ਵੀ ਨੇ ਕਿਹਾ)

ਇਜ਼ਵੀ:- ਪਾਪਾ ਰਿਸ਼ਕ ਤਾਂ ਲੈਣਾ ਪਵੇਗਾ ਕਿਉਂਕਿ ਅਸੀਂ ਇਨਾਯਤ ਦੇ ਹੌਂਸਲੇ ਨੂੰ ਮੱਠਾਂ ਨਹੀਂ ਪੈਣ ਦੇ ਸਕਦੇ। ਯਾਦ ਕਰੋ ਪਾਪਾ ਤੁਸੀਂ ਉਸ ਨੂੰ 5 ਸਾਲ ਦਾ ਸਮਾਂ ਕਿਹਾ ਸੀ ਕਿ ਤੂੰ 5 ਸਾਲ ਤੱਕ ਠੀਕ ਹੋ ਜਾਵੇਗੀ 'ਤੇ ਅੱਜ ਉਸ ਨੂੰ 2 ਸਾਲ 'ਤੇ 6 ਮਹੀਨੇ ਹੋ ਚੁੱਕੇ 'ਤੇ ਇਨਾਯਤ ਨੇ ਕਿਹਾ ਸੀ ਕਿ ਉਹ 5 ਸਾਲਾਂ ਦੇ ਘੱਟ ਸਮੇਂ ਵਿੱਚ ਤੁਹਾਨੂੰ ਠੀਕ ਹੋ ਕੇ ਦਿਖਾਵੇਗੀ ।

ਪਾਪਾ ਮੈਂ ਇਕ ਡਾਕਟਰ ਹੋਣ ਦੇ ਨਾਤੇ ਦੂਸਰੇ ਡਾਕਟਰ ਨੂੰ ਸੁਝਾਅ ਦਿੱਤਾ ਹੈ ਹੁਣ ਤੁਹਾਡੇ ਇਕ ਫ਼ੈਸਲੇ 'ਤੇ ਇਨਾਯਤ ਦੀ ਜ਼ਿੰਦਗੀ ਟਿਕੀ ਹੈ ।ਸ਼ਾਮ ਤੱਕ ਮੈਨੂੰ ਸਿਰਫ਼ ਹਾਂ ਯਾ ਨਾਂ ਦਾ ਜਵਾਬ ਚਾਹੀਦਾ ਹੈ ਪਾਪਾ , ਇਨਾਯਤ ਦੀ ਜਿੰਮੇਵਾਰੀ ਸਿਰਫ਼ ਤੁਹਾਡੀ ਹੀ ਨਹੀਂ ਉਹ ਮੇਰੀ ਵੀ ਹੈ ।ਚਲਦੀ ਹਾਂ ।( ਏਨਾ ਬੋਲ ਕੇ ਇਜ਼ਵੀ ਚਲੀ ਜਾਂਦੀ ਹੈ )

ਇਜ਼ਵੀ ਦੀ ਗੱਲ ਸੁਣ ਕੇ ਡਾਕਟਰ ਆਪਣੇ ਕੈਬਿਨ ਵਿੱਚ ਜਾ ਕੇ ਬਹਿ ਜਾਂਦਾ ਹੈ । ਕਾਫ਼ੀ ਦੇਰ ਤੱਕ ਡਾਕਟਰ ਇਜ਼ਵੀ ਦੇ ਦਿੱਤੇ ਸੁਝਾਵਾਂ ਵਾਰੇ ਸੋਚ ਰਿਹਾ ਹੁੰਦਾ ਹੈ । (ਫੋਨ ਦੀ ਰਿੰਗ ਵੱਜਦੀ ਹੈ)

ਡਾਕਟਰ:- ਹੈਲੋ ।

ਇਜ਼ਵੀ:- ਹੈਲੋ , ਪਾਪਾ ਕਿੱਥੇ ਹੋ ।

ਡਾਕਟਰ :- ਪੁੱਤਰ ਜੀ ਹਸਪਤਾਲ 'ਚ ।

ਇਜ਼ਵੀ:- ਓ , ਹੋ ਪਾਪਾ ਰਾਤ ਦੇ 11 ਵੱਜ ਚੁੱਕੇ ਹੈ ਤੁਸੀਂ ਖਾਣਾ ਵੀ ਨਹੀਂ ਖਾਇਆ ,ਜ਼ਲਦੀ ਘਰ ਆ ਜਾਓ ।

ਡਾਕਟਰ:- ਠੀਕ ਹੈ , ਆਉਣਾ , ਫ਼ੋਨ ਰੱਖ ।

ਇਜ਼ਵੀ:- ਠੀਕ ਹੈ ਪਾਪਾ, ਧਿਆਨ ਨਾਲ ਆਉਣਾ ।

(ਡਾਕਟਰ ਫ਼ੋਨ ਕੱਟ ਦਿੰਦਾ ਹੈ 'ਤੇ ਖੜਾ ਹੋ ਕੇ ਇਨਾਯਤ ਦੇ ਕਮਰੇ ਵੱਲ ਜਾ ਰਿਹਾ ਹੁੰਦਾ ਹੈ 'ਤੇ ਬਾਹਰ ਤੋਂ ਇਨਾਯਤ ਨੂੰ ਸੁਤੀ ਪਈ ਦੇਖ ਕੇ ਵਾਪਿਸ ਆ ਜਾਂਦਾ ਹੈ 'ਤੇ ਘਰ ਪਰਤ ਜਾਂਦਾ ਹੈ ।ਘਰ ਜਾਣ ਤੋਂ ਬਾਅਦ ਇਜ਼ਵੀ ਆਪਣੇ ਪਾਪਾ ਨੂੰ ਖਾਣਾ ਪਰੋਸਦੀ ਹੈ 'ਤੇ ਇਜ਼ਵੀ ਦੀ ਮਾਂ ਵੀ ਕੋਲ ਆ ਕੇ ਬਹਿ ਜਾਂਦੀ ਹੈ ।)

ਇਜ਼ਵੀ ਦੀ ਮਾਂ (ਸੀਰਤ) ਆਪਣੇ ਪਤੀ ਪਰਮਿੰਦਰ(ਡਾਕਟਰ) ਨੂੰ ਕਹਿੰਦੀ ਹੈ ।

ਸੀਰਤ:-ਪਰਮਿੰਦਰ ਜੀ ਮੈਨੂੰ ਇਜ਼ਵੀ ਨੇ ਇਨਾਯਤ ਵਾਰੇ ਸਭ ਦੱਸਿਆ ਹੈ 'ਤੇ ਇਜ਼ਵੀ ਨੇ ਆਪਣੇ ਪਲਾਨ ਬਾਰੇ ਵੀ ਮੈਨੂੰ ਦੱਸ ਦਿੱਤਾ ਹੈ 'ਤੇ ਇਹ ਵੀ ਦੱਸਿਆ ਹੈ ਕਿ ਫ਼ੈਸਲਾ ਤੁਹਾਡੇ ਹੱਥ 'ਚ ਹੈ ਜ਼ੇਕਰ ਤੁਸੀਂ ਨਾ ਕਰੋਗੇ ਤਾਂ ਉਹ ਜ਼ੋਰ ਜ਼ਬਰਦਸਤੀ ਨਹੀਂ ਕਰੇਗੀ ।

ਡਾਕਟਰ(ਪਰਮਿੰਦਰ):- ਸੀਰਤ ਤੈਨੂੰ ਕੀ ਲੱਗਦਾ ਹੈ ,ਕਿਵੇਂ ਠੀਕ ਰਹੇਗਾ।

ਸੀਰਤ:- ਮੈਂ ਤਾਂ ਇਹ ਹੀ ਸੁਝਾਅ ਦੇਵਾਂਗੀ ਕਿ ਤੁਸੀਂ ਇਜ਼ਵੀ ਦੀ ਗੱਲ ਮੰਨ ਲਵੋ । ਆਖ਼ਿਰ ਇਜ਼ਵੀ ਵੀ ਤਕਰੀਬਨ ਇਨਾਯਤ ਦੇ ਹਾਣ ਦੀ ਹੈ ਉਹ ਇਸ ਸਥਿਤੀ ਨੂੰ ਆਪਣੇ ਨਾਲੋਂ ਵਧੇਰੇ ਸਮਝਦੀ ਹੈ 'ਤੇ ਉਹ ਇਨਾਯਤ ਦੀ ਚੰਗੀ ਦੋਸਤ ਵੀ ਬਣ ਚੁੱਕੀ ਹੈ । ਮੈਂ ਤੁਹਾਨੂੰ

ਸਿਰਫ਼ ਸੁਝਾਅ ਹੀ ਦਿੱਤਾ ਹੈ ਫ਼ੈਸਲਾ ਤੁਹਾਡੇ ਹੱਥ 'ਚ ਹੈ ।

ਡਾਕਟਰ(ਪਰਮਿੰਦਰ):- ਇਜ਼ਵੀ,ਇਜ਼ਵੀ,ਕਿੱਧਰ ਗਈ ਪੁੱਤਰ ।

(ਅੰਦਰੋਂ ਆਵਾਜ਼ ਆਉਦੀਂ )

ਇਜ਼ਵੀ:- ਆਈ ਪਾਪਾ ।(ਇਜ਼ਵੀ ਬਾਹਰ ਆ ਜਾਂਦੀ ਹੈ )

ਡਾਕਟਰ(ਪਰਮਿੰਦਰ):-ਪੁੱਤਰ ਤੂੰ ਆਪਣੇ ਪਲਾਨ ਬਾਰੇ ਸੋਚ ਮੈਂ ਇਨਾਯਤ ਦੇ ਕੇਸ ਵਿਚ ਰਿਸ਼ਕ ਲੈਣ ਲਈ ਤਿਆਰ ਹਾਂ ।

(ਇਜ਼ਵੀ ਖ਼ੁਸ਼ ਹੋ ਜਾਂਦੀ ਹੈ।ਇਜ਼ਵੀ ਆਪਣੀ ਟੀਮ ਮਤਲਬ ਆਪਣੇ ਦੋਸਤਾਂ ਨੂੰ ਫ਼ੋਨ ਕਰਦੀ ਹੈ 'ਤੇ ਕਹਿੰਦੀ ਹੈ ਕਿ " ਪਾਪਾ ਮੰਨ ਗਏ ਤੁਸੀਂ ਕੱਲ ਨੂੰ ਤਿਆਰ ਰਹਿਣਾ ।)

ਸਵੇਰ ਹੁੰਦੀ ਹੈ 'ਤੇ ਅੱਜ ਇਜ਼ਵੀ ਬਹੁਤ ਖੁਸ਼ ਹੈ ਕਿ ਉਹ ਡਾਕਟਰ ਬਣਨ ਤੋਂ ਬਾਅਦ  ਇਹ ਉਸ ਦਾ ਪਹਿਲਾ ਤਜ਼ੁਰਬਾ ਹੋਵੇਂਗਾ। ਉਸ ਨੂੰ ਪੂਰਾ ਯਕੀਨ ਹੁੰਦਾ ਹੈ ਕਿ ਇਨਾਯਤ ਵੀ ਠੀਕ ਹੋ ਜਾਵੇਂਗੀ ।  ਉਹ ਹਸਪਤਾਲ ਲਈ ਰਵਾਨਾ ਹੁੰਦੀ ਹੈ ।ਇਜ਼ਵੀ ਦੇ ਦੋਸਤ ਇਜ਼ਵੀ ਤੋਂ ਪਹਿਲਾਂ ਹੀ ਆਪਣਾ- ਆਪਣਾ ਕੰਮ ਨਿਪਟਾ ਕੇ ਹਸਪਤਾਲ ਪਹੁੰਚ ਜਾਂਦੇ ਹੈ ।ਇਜ਼ਵੀ ਦੇਖ ਕੇ ਬੜੀ ਖੁਸ਼ ਹੁੰਦੀ ਹੈ ।ਆਪਣੇ ਦੋਸਤਾਂ ਦੇ ਗਲੇ ਲੱਗਦੀ ਹੈ 'ਤੇ ਕਹਿੰਦੀ ਹੈ)

ਇਜ਼ਵੀ:- ਜੱਸ, ਦੀਪਕ,ਕਿਰਨ ,ਖ਼ੁਸ਼ੀ ।ਕਿਵੇਂ ਹੋ ਸਾਰੇ ਤੁਸੀਂ ਤਾਂ ਮੇਰੇ ਆਉਣ ਤੋਂ ਪਹਿਲਾਂ ਹੀ ਆ ਗਏ , ਨਾਲ ਕਿਵੇਂ ਚੱਲ ਰਹੀ ਹੈ ਤੁਹਾਡੀ ਡਾਕਟਰੀ ।(ਮੁਸਕੁਰਾਉਦੇ ਹੋਏ)

ਜੱਸ(ਮੁੰਡਾ):- ਇਸ ਤਰ੍ਹਾਂ ਹੀ ਹੈ ਆਪਣੇ ਕੰਮ ਤਾਂ ਫ਼ੇਰ ਇਜ਼ਵੀ ਭੂਤਨੀਏ ।(ਹਾਹਾਹਾਹ)

ਕਿਰਨ:- ਚੁੱਪ ਕਰ ਜੋਕਰਾਂ ਜਿਹਆ (ਮਜ਼ਾਕ ਕਰਦੇ ਹੋਏ ) ਵਧਿਆ ਚੱਲ ਰਿਹਾ ਇਜ਼ਵੀ ਤੂੰ ਦੱਸ ।

ਇਜ਼ਵੀ :- ਵਧਿਆ ਸਭ ।ਚਲੋ ਅੰਦਰ ।

ਖੁਸ਼ੀ:- ਹਾਂ ਚਲੋ, ਚਲੋ।

(ਸਾਰੇ ਦੋਸਤ ਹੱਸਦੇ ਹੋਏ ਹਸਪਤਾਲ ਦੇ ਅੰਦਰ ਚਲੇ ਜਾਂਦੇ ਹੈ )

ਇਜ਼ਵੀ 'ਤੇ ਉਸ ਦੇ ਦੋਸਤ ਇਨਾਯਤ ਦੇ ਕਮਰੇ ਅੰਦਰ ਜਾਂਦੇ ਹੈ ਅਤੇ ਇਨਾਯਤ ਦਾ ਹਾਲ ਚਾਲ ਪੁੱਛਦੇ ਹੈ ।

ਜੱਸ:- ਹੇ! ਇਨਾਯਤ ਕਿਵੇਂ ਹੈ ।

ਇਨਾਯਤ:-ਵਧਿਆ ।

ਜੱਸ:-ਮੇਰਾ ਨਾਮ ਜੱਸ ਹੈ ,ਮੈਂ ਇਜ਼ਵੀ ਦਾ ਦੋਸਤ ਹਾਂ ।

ਦੀਪਕ:-ਹੈਲੋ !ਇਨਾਯਤ ਮੈਂ ਦੀਪਕ ।

ਇਨਾਯਤ:-ਹੈਲੋ ।

ਕਿਰਨ:-ਹੈਲੋ ਇਨਾਯਤ , ਮੈਂ ਕਿਰਨ ।

ਇਨਾਯਤ:-ਹੈਲੋ ।

ਖ਼ੁਸ਼ੀ:-ਸਤਿ ਸ਼੍ਰੀ ਅਕਾਲ ,ਇਨਾਯਤ ਭੈਣੇ ,ਮੈਂ ਖ਼ੁਸ਼ੀ ਹਾਂ ।

ਇਨਾਯਤ:- ਸਤਿ ਸ਼੍ਰੀ ਅਕਾਲ ਖ਼ੁਸ਼ੀ ਜੀ ,ਤੁਹਾਨੂੰ ਮਿਲ ਕੇ ਰੂਹ ਨੂੰ ਖ਼ੁਸ਼ੀ ਹੋਈ ।

ਜੱਸ :- ਓ ਅੱਛਾ! ਸਾਨੂੰ ਮਿਲ ਕੇ ਨਹੀਂ ਹੋਈ ਰੂਹ ਖੁਸ਼ ,ਇਸ ਚੁੜੇਲ ਨੂੰ ਮਿਲ ਕੇ ਰੂਹ ਖੁਸ਼ ਹੋ ਗਈ । ਵਾਹ! ਹਮਾਰਾ ਤੋਂ ਜ਼ਮਾਨਾ ਹੀ ਨਹੀਂ ਰਹਾ ।(ਮੂੰਹ ਫੁਲਾਉਦੇ ਹੋਏ 'ਤੇ ਸ਼ਰਾਰਤੀ ਅੰਦਾਜ 'ਚ)

ਇਨਾਯਤ:- ਨਹੀਂ ਜੱਸ,ਮੇਰਾ ਮਤਲਬ ਤੂਹਾਨੂੰ ਸਾਰਿਆਂ ਨੂੰ ਮਿਲ ਕੇ ਰੂਹ ਖੁਸ਼ ਹੋਈ ਹੈ ।

ਇਜ਼ਵੀ :- ਬੱਸ ਬਹੁਤ ਹੋ ਗਿਆ ਮਜ਼ਾਕ 'ਤੇ ਜੱਸ ਤੇਰੀ ਬਕਵਾਸ ,ਹੁਣ ਕੰਮ ਦੀ ਗੱਲ ਕਰੋ ।

ਜੱਸ :- ਹਾਂ ।

(ਦੀਪਕ ਇਨਾਯਤ ਦੇ ਬੈਡ ਕੋਲ ਪਈ ਕੁਰਸੀ ਕੋਲ ਜਾ ਕੇ ਬਹਿ ਗਿਆ 'ਤੇ ਇਨਾਯਤ ਨੂੰ ਗਭੀਰਤਾ ਭਰੇ ਲਫ਼ਜ਼ਾ 'ਚ ਕਹਿੰਦਾ ਹੈ )

ਦੀਪਕ :- ਇਨਾਯਤ ਅੱਜ ਅਸੀਂ ਤੈਨੂੰ ਤੇਰੀ ਬਿਮਾਰੀ ਵਾਰੇ ਡੂੰਘਾਈ ਨਾਲ 'ਤੇ ਵੱਡੀ ਗੱਲ ਦੱਸਣ ਆਏ ਹਾਂ ।

ਇਨਾਯਤ:- ਪਰ ਉਹ ਤਾਂ ਡਾਕਟਰ ਅੰਕਲ ਨੇ ਬਹੁਤ ਸਾਲ ਪਹਿਲਾਂ ਦੱਸ ਦਿੱਤਾ ਸੀ ਮੈਨੂੰ , ਹੁਣ ਮੈਂ ਤਾਂ ਜ਼ਲਦੀ ਠੀਕ ਹੋ ਜਾਵਾਗੀ ।

(ਦੀਪਕ ਦਿਲੋਂ ਦੁੱਖੀ ਹੁੰਦਾ ਕਹਿੰਦਾ ਹੈ)

ਦੀਪਕ :- ਨਹੀਂ ਇਨਾਯਤ ,ਅੰਕਲ ਨੇ ਝੂਠ ਬੋਲਿਆਂ ਸੀ ।

ਇਨਾਯਤ:-ਨਹੀਂ ਇਹ ਕੀ ਬੋਲ ਰਿਹਾ ਦੀਪਕ ।

ਦੀਪਕ:- ਹਾਂ ,ਮੈਂ ਠੀਕ ਬੋਲ ਰਿਹਾ ਹਾਂ ।

ਜੱਸ:-ਦੇਖ ਇਨਾਯਤ ਅਸੀਂ ਜੋ ਤੈਨੂੰ ਦੱਸਣ ਜਾ ਰਹੇ ਹਾਂ , ਸਾਨੂੰ ਨਹੀਂ ਪਤਾ ਉਹ ਕਿਥੋਂ ਤੱਕ ਠੀਕ ਹੈ,ਪਰ ਤੂੰ ਵਾਅਦਾ ਕਰ ਕਿ ਤੂੰ ਹੌਂਸਲਾ ਨਹੀਂ ਹਾਰੇਗੀ , ਹੋ ਸਕਦਾ ਹੈ ਅਸੀਂ ਜੋ ਦੱਸਾਂਗੇ ਉਹ ਝੂਠ ਸਾਬਿਤ ਹੋ ਜਾਵੇ ।

ਇਨਾਯਤ:- ਤੁਸੀਂ ਬੇਫ਼ਿਕਰ ਹੋ ਕੇ ਦਸੋ ਜੋ ਵੀ ਦੱਸਣ ਆਏ ਹੋ ।ਮੈਨੂੰ ਵੀ ਹਕ਼ ਹੈ ਆਪਣੀ ਬਿਮਾਰੀ ਵਾਰੇ ਡੂੰਘਾਈ ਤੱਕ ਜਾਣ ਦਾ 'ਤੇ ਮੈਨੂੰ ਹਕ਼ ਹੈ ਕਿ ਮੈਨੂੰ ਮੇਰੀ ਬਿਮਾਰੀ ਬਾਰੇ ਸਭ ਕੁੱਝ ਪਤਾ ਹੋਵੇ ।

(ਇਨਾਯਤ ਇਜ਼ਵੀ ਵੱਲ ਦੇਖਦੀ ਹੋਈ)

ਇਨਾਯਤ:-ਇਜ਼ਵੀ ਸਭ ਕੁੱਝ ਤੁਸੀਂ ਦਸੋ ਸੱਚ,ਸੱਚ।

ਇਜ਼ਵੀ:-ਤਾਂ ਸੁਣ ਇਨਾਯਤ ਪਾਪਾ ਨੇ ਤੈਨੂੰ ਝੂਠ ਬੋਲਿਆ ਸੀ ਕਿ ਤੂੰ 5 ਸਾਲ ਬਾਅਦ ਠੀਕ ਹੋ ਜਾਵੇਗੀ । ਸੱਚ ਤਾਂ ਇਹ ਹੈ ਜ਼ੇਕਰ ਤੂੰ ਥੋੜ੍ਹਾ ਵੀ ਲਾਪਰਵਾਹ ਹੋਈ ਤਾਂ ਤੂੰ ਜਿੰਦਗੀ ਭਰ ਇਸ ਤਰ੍ਹਾਂ ਹੀ ਰਹੇਗੀ ।

(ਇਹ ਸੁਣ ਕੇ ਜਿਵੇਂ ਇਨਾਯਤ ਦੇ ਪੈਰਾਂ ਹੇਠ ਜ਼ਮੀਨ ਨਾ ਰਹੀ 'ਤੇ ਉਸ ਦੇ ਸਰੀਰ ਤੋਂ ਜਿਵੇ ਰੂਹ ਵੀ ਅਲੱਗ ਹੋ ਗਈ ਹੋਵੇ ,ਪਰ ਇਨਾਯਤ ਨੇ ਹੌਂਸਲਾ ਨਹੀਂ ਹਾਰਿਆ ,ਸਗੋਂ ਇਜ਼ਵੀ ਨੂੰ ਕਹਿਣ ਲੱਗੀ )

ਇਨਾਯਤ:-ਕੀ ਕਿਹਾ? ਇਜ਼ਵੀ ਜ਼ੇਕਰ ਮੈਂ ਥੋੜ੍ਹਾ ਵੀ ਲਾਪਰਵਾਹ ਹੋਈ,ਇਸ ਦਾ ਮਤਲਬ ਮੈਂ ਕੋਸ਼ਿਸ ਛੱਡੀ ਤਾਂ ਮੈਂ ਸਾਰੀ ਜ਼ਿੰਦਗੀ ਇਸ ਤਰ੍ਹਾਂ ਹੀ ਰਹੂ। ਜ਼ੇਕਰ ਮੈਂ ਕੋਸ਼ਿਸ਼ ਹੀ ਕਰਦੀ ਰਹੀ ਫ਼ੇਰ?

ਇਜ਼ਵੀ:- ਹਾਂ ਇਨਾਯਤ ਕੋਸ਼ਿਸ਼ ਹੀ ਤਾਂ ਨਹੀਂ ਛੱਡਣੀ ।(ਥੋੜ੍ਹਾ ਜਿਹਾ ਮੁਸਕੁਰਾਉਦੀ ਹੋਈ )

(ਜੱਸ ਇਜ਼ਵੀ ਵੱਲ ਇਸ਼ਾਰਾ ਕਰਦੇ ਹੋਏ । ਹੁਣ ਉਹ ਸਾਰੇ ਦੋਸਤ ਸਮਝ ਚੁੱਕੇ ਸੀ ਕਿ ਨਿਸ਼ਾਨਾ ਬਿਲਕੁੱਲ ਠੀਕ ਲੱਗਿਆ ਹੈ। ਇਨਾਯਤ 'ਤੇ ਬਿਲਕੁੱਲ ਸਹੀ ਅਸਰ ਹੋ ਰਿਹਾ ਹੈ ।ਸਾਰੇ ਦੋਸਤ ਖੁਸ਼ ਸੀ ਕਿ ਉਹਨਾਂ ਦਾ ਪਲਾਨ ਸਹੀ ਕੰਮ ਕਰ ਰਿਹਾ ਹੈ ।)

ਜੱਸ :- ਚੱਲ ਬਾਏ!ਇਜ਼ਵੀ , ਬਾਏ ਇਨਾਯਤ ,ਅਸੀਂ ਸਾਰੇ ਕੱਲ ਨੂੰ ਆਵਾਗੇ ,ਅਸੀਂ ਖ਼ੁਦ ਦੇ ਹਸਪਤਾਲ 'ਚ ਡਿਊਟੀ ਤੇ ਜਾਣਾ ਹੈ ਹਾਲੇ ।

ਇਨਾਯਤ:-ਜੀ ਕੰਮ ਬਹੁਤ ਜ਼ਰੂਰੀ ,ਬਾਏ,ਖ਼ਿਆਲ ਰੱਖਣਾ ਸਾਰੇ ਆਪਣਾ -ਆਪਣਾ ।

ਦੀਪਕ :-(ਗਭੀਰਤਾ ਭਰੀ ਆਵਾਜ਼ 'ਚ )ਗੁਡੀ ਤੂੰ ਵੀ ਖ਼ਿਆਲ ਰੱਖੀ

ਆਪਣਾ ,ਬਾਏ । (ਇਜ਼ਵੀ ਦੇ ਦੋਸਤ ਚਲੇ ਜਾਂਦੇ ਹੈ )
ਦੂਸਰੀ ਸਵੇਰ ਇਜ਼ਵੀ ਇਨਾਯਤ ਦੇ ਕਮਰੇ ਵਿੱਚ ਜਾਂਦੀ ਹੈ ।
ਇਨਾਯਤ:- ਸਤਿ ਸ਼੍ਰੀ ਅਕਾਲ ਦੀਦੀ ।
ਇਜ਼ਵੀ :- ਸਤਿ ਸ਼੍ਰੀ ਅਕਾਲ ਇਨਾਯਤ(ਹਲਕੀ ਮੁਸਕੁਰਾਹਟ ਨਾਲ )

(ਉਮੀਦ ਹੈ ਅੱਜ ਤੇਰੀ ਜਿੰਦਗੀ ਬਦਲ ਜਾਵੇਗੀ ਅਤੇ ਤੇਰੀ ਜ਼ਿੰਦਗੀ 'ਚ ਇੱਕ ਨਵਾਂ ਮੋੜ ਆਵੇਗਾ,ਰੱਬ ਤਰੀਆਂ ਸਾਰੀਆਂ ਖ਼ਵਾਹਿਸ਼ਾ 'ਤੇ ਰੀਝਾਂ ਮੁਕੰਮਲ ਕਰੇਗਾ ਇਜ਼ਵੀ ਆਪਣੇ ਮਨ ਹੀ ਮਨ ਸੋਚ ਰਹੀ ਹੁੰਦੀ ਹੈ ਕਿ ਇੰਨੇ ਵਿਚ ਇਜ਼ਵੀ ਦੇ ਦੋਸਤ ਆ ਜਾਂਦੇ ਹੈ ਇਜ਼ਵੀ ਦੇ ਦੋਸਤ ਆਪਣੇ ਨਾਲ ਇਨਾਯਤ ਦਾ ਪਸੰਦੀਦਾ ਸਮਾਨ ਉਸ ਦੇ ਘਰ ਤੋਂ ਲੇ ਆਉਦੇ ਹੈ ,ਜਿਵੇ ਕਿ ਉਸ ਦੀਆਂ ਕਿਤਾਬਾਂ,ਉਸ ਦੇ ਪਸੰਦੀਦਾ ਨਾਵਲ,ਉਸ ਦੀ ਅਲਬੱਬ ਜਿਸ ਵਿਚ ਉਸ ਦੀਆਂ ਬਹੁਤ ਸਾਰੀਆਂ ਫੋਟੋਆਂ ਸੀ ਜਦੋਂ ਉਹ ਪੜਦੀ ਸੀ। ਇਹ ਸਾਰਾ ਸਾਮਾਨ ਇਜ਼ਵੀ ਦੇ ਦੋਸਤਾਂ ਦੇ ਹੱਥ ਵਿਚ ਦੇਖ ਕੇ ਇਨਾਯਤ ਹੈਰਾਨ ਹੁੰਦੀ ਹੈ)

ਇਨਾਯਤ:-ਇਹ ਕਿਸ ਲਈ ਲੈ ਕੇ ਆਏ ਤੁਸੀਂ ਸਭ ਕੁੱਝ ।
ਜੱਸ:- ਲੈ ਕਰ ਲੋ ਗੱਲ ਤੇ ਸੁਣ ਲਓ ਬਾਤ , ਅਸੀਂ ਤੇਰੇ ਨਾਲ ਬੈਠ ਕੇ ਦੇਖਾਂਗੇ 'ਤੇ ਗੱਲਾਂ ਮਾਰਾਗੇ ਖ਼ੂਬ!
ਇਨਾਯਤ:- (ਖੁਸ਼ ਹੁੰਦੀ ਹੋਈ ) ਅੱਛਾ! ਫ਼ੇਰ ਤਾਂ ਬਹੁਤ ਵੱਧੀਆ ਕੀਤਾ। ਅੱਜ ਮੈਂ ਤੁਹਾਨੂੰ ਆਪਣੇ ਕਾਲਜ਼ ਵਾਰੇ ਦੱਸਾਂਗੀ ।
ਦੀਪਕ:- ਹਾਂ ,ਦੱਸੀ ਜ਼ਰੂਰ ।
(ਸਾਰੇ ਦੋਸਤ ਬਹੁਤ ਖ਼ੁਸ਼ ਸੀ 'ਤੇ ਉਹ ਬਹੁਤ ਗੱਲਾਂ ਕਰ ਰਹੇ ਸਨ,ਮਜ਼ਾਕ ਵੀ ਚੱਲ ਰਿਹਾ ਸੀ ਕਿ ਇੰਨੇ ਵਿਚ ਮਜ਼ਾਕ ਮਜ਼ਾਕ

ਵਿਚ ਜੱਸ ਦੀ ਇਨਾਯਤ ਨਾਲ ਲੜਾਈ ਹੋ ਜਾਂਦੀ ਹੈ ।ਲੜਾਈ ਵੀ ਨਿੱਕੀ ਜਿਹੀ ਗੱਲ' ਤੇ ਕਿ ਇਨਾਯਤ ਕਹਿੰਦੀ ਹੈ ਕਿ ਮੈਂ ਆਪਣੀ ਡਾਇਰੀ ਕਿਸੇ ਨੂੰ ਵੀ ਪੜਣ ਲਈ ਨਹੀਂ ਦੇ ਸਕਦੀ 'ਤੇ ਜੱਸ ਕਹਿੰਦਾ ਹੈ ਤੂੰ ਮੈਨੂੰ ਦੇ ਡਾਇਰੀ ।

ਇਨਾਯਤ:-ਮੈਂ ਆਪਣੀ ਡਾਇਰੀ ਹਾਲੇ ਤੱਕ ਆਪਦੇ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਵੀ ਪੜਣ ਲਈ ਨਹੀਂ ਦਿੱਤੀ,ਜੱਸ ਫ਼ੇਰ ਤੈਨੂੰ ਕਿਵੇ ਦੇ ਦੇਵਾ ।

ਜੱਸ:-ਐਵੇਂ ਕਿਵੇਂ ਨਹੀਂ ਦਿੰਦੀ ਮੈਂ ਤਾਂ ਲੈ ਕੇ ਹਟੂ ।

ਖ਼ੁਸ਼ੀ:-ਜੱਸ ਕਿਉ ਧੱਕਾ ਕਰਦਾ ਹੈ ਉਹ ਅਗਲੀ ਨਹੀਂ ਦਿੰਦੀ ।

ਜੱਸ:-ਤੂੰ ਚੁੱਪ ਕਰ ਚੁੜੇਲੇ ਜਿਹੀਏ ,ਵਿਚਾਲੇ ਕਿਉ ਬੋਲੀ ।

ਕਿਰਨ:-ਜੱਸ ਤੂੰ ਬਹੁਤ ਜਿੱਦੀ ਹੈ ,ਬਿੱਲਕੁਲ ਗੱਲ ਨਹੀਂ ਸਮਝਦਾ ।

ਜੱਸ:-ਹਾਂ,ਹਾਂ ਸਾਰੇ ਹਰ ਬਾਰ ਮੇਰੀ ਹੀ ਗ਼ਲਤੀ ਨਿਕਾਲਦੇ ਹੈ ।

ਦੀਪਕ :- ਜੱਸ ਤੂੰ ਅਪਣੀਆਂ ਹਰਕਤਾਂ ਤੋਂ ਬਾਜ਼ ਆ ਜਾ ਨਹੀਂ ਤਾਂ ,

ਜੱਸ:- ਨਹੀਂ ਤਾਂ ਕੀ? ਕੀ ? ਨਹੀਂ ਤਾਂ ਬੋਲ ਅੱਗੇ ,ਮਾਰੇਗਾ ਨਹੀਂ ਤਾਂ ਮੈਨੂੰ ? ਬੋਲ ।

ਇਨਾਯਤ:-ਚੁੱਪ ਕਰੋ ਸਾਰੇ,ਮੇਰੇ ਕਮਰੇ 'ਤੋਂ ਬਾਹਰ ਨਿਕਲ ਜਾਓ ।

(ਜੱਸ ਨੂੰ ਹੋਰ ਗੁੱਸਾ ਆ ਜਾਂਦਾ ਹੈ )

ਜੱਸ:- ਅੱਛਾ! ਮਹਾਰਾਣੀ ਵਿਕਟੋਰੀਆ ,ਤੇਰਾ ਕਮਰਾ ਇਹ ?ਇਹ ਕਮਰਾ ਤੇਰੇ ਪਿਓ ਦਾ ਏ ਜੋ ਅਸੀਂ ਨਿਕਲ ਜਾਈਏ । ਰੁੱਕ ਮੈਂ ਦੱਸਦਾ ਹਾਂ ਤੈਨੂੰ ਤਾਂ ।

(ਇਨਾਯਤ ਨੂੰ ਬਹੁਤ ਦੁੱਖ ਹੁੰਦਾ ਹੈ ਜਦੋਂ ਜੱਸ ਇਹ ਵਰਤਾਓ ਕਰ ਰਿਹਾ ਹੁੰਦਾ ਸਭ ਨਾਲ )

ਜੱਸ ਇਨਾਯਤ ਦੀਆਂ ਸਾਰੀਆਂ ਕਿਤਾਬਾਂ ਕਮਰੇ ਦੇ ਇਕ ਕੋਨੇ'ਚ ਜਾ ਕੇ ਵਗ੍ਹਾ ਕੇ ਮਾਰਦਾ ਹੈ,ਇਨਾਯਤ ਦੀ ਐਲਬਮ ,ਨਾਵਲ ਸਾਰੀਆਂ ਚੀਜ਼ਾਂ ਇਕਠੀਆਂ ਕਰ ਕੇ ਕੋਨੇ 'ਚ ਮਾਰਦਾ ਹੈ 'ਤੇ ਡਾਇਰੀ ਵੀ ਇਨਯਾਤ ਦੇ ਹੱਥ ਵਿਚੋਂ ਖੋ ਲੈਂਦਾ ਹੈ 'ਤੇ ਕੋਨੇ ਵਿੱਚ ਸੁੱਟ ਦਿੰਦਾ ਹੈ ਫ਼ੇਰ ਆਪਣੀ ਜੇਬ ਚੋ ਮਾਚਿਸ ਦੀ ਡਬੀ ਨਿਕਾਲ ਕੇ ਉਹ ਇਨਾਯਤ ਦੀਆਂ ਕਿਤਾਬਾਂ ਸਾੜਨ ਵਾਲਾ ਹੀ ਹੁੰਦਾ ਹੈ, ਪੂਰੀ ਤਿਆਰੀ ਹੁੰਦੀ ਹੈ ਜੱਸ ਦੀ ਕਿਤਾਬਾਂ ਨੂੰ ਅੱਗ ਲਗੋਨ ਦੀ ।

ਇਹ ਸਭ ਦੇਖ ਰਹੀ ਇਨਾਯਤ ਨੂੰ ਬਹੁਤ ਗੁੱਸਾ ਆਉਦਾ ਹੈ 'ਤੇ ਉਸ ਦੀ ਰੂਹ ਨੂੰ ਵੀ ਠੇਸ ਪਹੁੰਚ ਰਹੀ ਹੁੰਦੀ ਹੈ ।ਇਹ ਸਭ ਦੇਖ ਇਨਾਯਤ ਆਪਾ ਖੋ ਦਿੰਦੀ ਹੈ 'ਤੇ ਬੈਡ ਤੋਂ ਇਕਦਮ ਖੜੀ ਹੋ ਜਾਂਦੀ ਹੈ 'ਤੇ ਜੱਸ ਵੱਲ ਆਪਣੇ ਕਦਮ ਵਧੋਦੀ ਹੈ 'ਤੇ ਜਾ ਕੇ ਜੱਸ ਦੇ ਤਿੰਨ-ਚਾਰ ਥੱਪੜ ਮਾਰਦੀ ਹੈ 'ਤੇ ਜੱਸ ਦੇ ਹੱਥ ਵਿਚੋਂ ਮਾਚਿਸ ਦੀ ਡਬੀ ਖੋ ਲੈਂਦੀ ਹੈ ।

ਇਨਾਯਤ:- ਜੱਸ ਤੈਨੂੰ ਭੋਰਾ ਅਕਲ ਨਹੀਂ ਹੈ, ਤੂੰ ਤਾਂ ਪੜਿਆ ਲਿਖਿਆ. ਮੂਰਖ ਹੈ ।ਕਿਸੇ ਦੀਆਂ ਰੀਝਾਂ ਨੂੰ ਕੋਈ ਐਵੇ ਕਿਵੇ ਪਾੜ ਕੇ ਸੁੱਟ ਸਕਦਾ ਹੈ 'ਤੇ ਕਿਵੇਂ ਕੋਈ ਸਾੜ ਸਕਦਾ ਹੈ । ਇੱਕ ਅਰਸਾ ਲੱਗਿਆ ਹੈ ਮੈਨੂੰ ਇਹ ਰੀਝਾਂ ਬਨਾਉਣ 'ਚ ਤੇ ਤੂੰ ਮਿੰਟਾਂ 'ਚ ਖ਼ਤਮ ਕਰਨਾ ਚਾਹੁੰਦਾ ਹੈ ,ਸਿਰਫ਼ ਆਪਣੇ ਸਵਾਰਥ ਲਈ ,ਸਿਰਫ਼ ਇਸ ਲਈ ਕਿ ਮੈਂ ਆਪਣੀ ਡਾਇਰੀ ਤੈਨੂੰ ਪੜਣ ਨਹੀਂ ਦਿੱਤੀ । ਡੁੱਬ ਮਰ ਚੱਪਣੀ 'ਚ ਨੱਕ ਡੁਬੋ ਕੇ , ਦਫ਼ਾ ਹੋ ਜਾ ਮੇਰੀਆਂ ਅੱਖਾਂ ਤੋਂ ਦੂਰ ।

(ਇਹ ਸਭ ਸੁਣ ਕੇ ਜੱਸ ਉੱਚੀ -ਉੱਚੀ ਹੱਸਣ ਲਗਦਾ ਹੈ ।ਇਨਾਯਤ ਦੇਖ ਕੇ ਹੈਰਾਨ ਹੁੰਦੀ ਹੈ 'ਤੇ ਥੋੜ੍ਹਾ ਸ਼ਾਂਤ ਹੁੰਦੀ ਹੈ । )

ਜੱਸ:- (ਹੱਸਦਾ ਹੋਇਆ ) ਰਾਣੀ ਵਿਕਟੋਰੀਆ ਤੂੰ ਠੀਕ ਹੋ ਗਈ ।
ਇਨਯਾਤ:- ਹਾਂ ਜੱਸ ,ਹਾਂ (ਅੱਖਾਂ ਵਿਚੋਂ ਖ਼ੁਸ਼ੀ ਦੇ ਹੰਝੂ )

ਦੀਪਕ:-ਹਾਂ ਗੁੱਡੀ ਤੂੰ ਠੀਕ ਹੋ ਗਈ ।ਇਹ ਸਭ ਤਾਂ ਇਕ ਨਾਟਕ ਚੱਲ ਰਿਹਾ ਸੀ।ਜੱਸ ਜਾਣ ਬੁਝੱ ਕੇ ਸਭ ਕਰ ਰਿਹਾ ਸੀ ਤੈਨੂੰ ਠੀਕ ਕਰਨ ਦੇ ਲਈ ।

ਇਨਾਯਤ:-ਅੱਛਾ ! ਪਰ ਕਿਉ ?

ਦੀਪਕ:- ਸਾਡੀ ਪਿਆਰੀ ਗੁੱਡੀ ,ਬੱਸ ਹੁਣ ਇਹ ਹੀ ਤਰੀਕਾ ਬੱਚਿਆਂ ਸੀ ਤੈਨੂੰ ਠੀਕ ਕਰਨ ਦਾ,ਤੇ ਤੂੰ ਠੀਕ ਹੋ ਗਈ ।

ਇਜ਼ਵੀ:- ਮੈਂ ਸਮਝਾਉਦੀ ਹਾਂ ਤੈਨੂੰ ਇਨਾਯਤ,ਜਦੋਂ ਇਸ ਬਿਮਾਰੀ ਵਿੱਚ ਠੀਕ ਹੋਣ ਦੀ ਗੁੰਜਾਇਸ਼ ਘੱਟ ਜਾਵੇ ਤਾਂ ਇਕ ਮਾਤਰ ਇਹ ਰਸਤਾ ਹੁੰਦਾ ਹੈ ਕਿ ਮਰੀਜ਼ ਕਿਸੇ ਸਦਮੇ ਜਾ ਹੱਦ ਤੋਂ ਜ਼ਿਆਦਾ ਹੈਰਾਨ ਯਾ ਇਹ ਕਹਿ ਦੇਈਏ ਕਿ ਕਿਸੇ ਆਪਣੀ ਪਿਆਰੀ ਚੀਜ਼ ਦੇ ਖੋਣ ਦੇ ਡਰ ਤੇ ਉਹ ਠੀਕ ਹੋ ਜਾਂਦਾ ਹੈ ।ਜਿਵੇਂ ਤੂੰ ਆਪਣੀਆਂ ਰੀਝਾਂ 'ਤੇ ਸੌਂਕ ਨੂੰ ਬਚਾਇਆ ।

(ਇਨਾਯਤ ਬਹੁਤ ਖ਼ੁਸ਼ ਹੁੰਦੀ ਹੈ 'ਤੇ ਉਹ ਇਜ਼ਵੀ ਦੇ ਗਲੇ ਲੱਗ ਕੇ ਰੋਣ ਲਗਦੀ ਹੈ )

ਇਨਾਯਤ :-ਧੰਨਵਾਦ ਆਪ ਜੀ ਦਾ ਸਾਰੀਆਂ ਦਾ ।

ਇਜ਼ਵੀ :-ਨਹੀਂ ਇਨਾਯਤ ਇਹ ਸਾਡਾ ਫ਼ਰਜ਼ ਹੈ ,ਨਾਲ ਧੰਨਵਾਦ ਤਾਂ ਤੈਨੂੰ ਪਾਪਾ ਦਾ ਕਰਨਾ ਚਾਹੀਦਾ ਹੈ ਜ਼ੇਕਰ ਉਹ ਸਾਨੂੰ ਇਜ਼ਾਜਤ ਨਾ ਦਿੰਦੇ ਇਹ ਰਿਸ਼ਕ ਲੈਣ ਦੀ ਤਾਂ ਸ਼ਇਦ ਹੀ ਤੂੰ ਠੀਕ ਹੁੰਦੀ ।

(ਏਨੇ ਵਿਚ ਡਾਕਟਰ ਵੀ ਆ ਜਾਂਦਾ ਹੈ 'ਤੇ ਡਾਕਟਰ ਇਨਾਯਤ ਨੂੰ

ਆਪਣੇ ਪੈਰਾਂ ਤੇ ਖੜੀ ਦੇਖ ਹੈਰਾਨ ਹੋ ਜਾਂਦਾ ਹੈ 'ਤੇ ਬਹੁਤ ਖ਼ੁਸ਼ ਵੀ ਹੁੰਦਾ ਹੈ ,)

ਡਾਕਟਰ:- ਵਾਹ !ਮੇਰੇ ਬਚਿਓ ਕਮਾਲ ਕਰ ਦਿੱਤਾ ਤੁਸੀਂ (ਅੱਖਾਂ ਪੂੰਝਦਾ ਹੋਇਆ )ਮੈਨੂੰ ਗਰਵ ਹੈ ਤੁਹਾਡੇ ਤੇ ਖ਼ੂਬ ਤਰੱਕੀਆਂ ਕਰੋ ।

(ਇਸ ਤਰ੍ਹਾਂ ਇਨਾਯਤ ਬਿਲਕੁੱਲ ਠੀਕ ਹੋ ਜਾਂਦੀ ਹੈ 'ਤੇ ਆਪਣੇ ਘਰ ਜਾਣ ਲਈ ਤਿਆਰ ਹੁੰਦੀ ਹੈ , ਹੁਣ ਇਨਾਯਤ ਆਪਣੀ ਬਿਮਾਰੀ ਤੇ ਜਿੱਤ ਹਾਸਿਲ ਕਰ ਚੁੱਕੀ ਹੁੰਦੀ ਹੈ )

**✪✪ ਸਮਾਪਤ ✪✪**

# ਇਕਾਂਤ ਇਕਸ਼ਰੀ

DIGITAL

ਕਮਲਦੀਪ ਕੌਰ "ਮੋਹਣ"



www.punjabilibrary.com

kdeepkaur193@gmail.com